Hansti Duniya (Punjabi)
• Vol. 45 • No. 10
• October 2021

# ਹੰਸਤੀ ਦੁਨੀਆ

₹15/-







# ਹੰਸਤੀ ਦੁਨੀਆ

• Vol.- 45 • ਅੰਕ - 10 • ਅਕਤੂਬਰ 2021 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

Managing Editor : Sulekh Singh 'Sathi'



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215


**Website:** www.nirankari.org
kids.nirankari.org


## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries
Equivalent to U.S. Dollars as mentioned above.




## ਸਤੰਭ



| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀਂ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |


## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |



















## ਕਹਾਣੀਆਂ

ਕੁਦਰਤ ਦਾ ਨਿਯਮ
- ਗੋਵਿੰਦ ਭਾਰਦਵਾਜ 05

ਕਬੂਤਰ ਉੱਡ ਗਏ
- ਕੁਸੁਮ ਅਗਰਵਾਲ 11

ਵਰਦਰਾਜ ਦਾ ਕਾਇਆਕਲਪ
- ਨੀਲਮ 'ਜਿਉਤੀ' 24

ਲੰਗੜਾ ਸਿਪਾਹੀ
- ਲਲਿਤ ਮੋਹਨ 28

ਸਜਾ ਦੀ ਵਾਪਸੀ
- ਡਾ. ਵਿਦਿਆ ਪ੍ਰਕਾਸ਼ 32

ਸੱਚਾ ਨਿਆਂ
- ਡਾ. ਵਿਜੇ ਪ੍ਰਕਾਸ਼ 35

ਸ਼ੇਰ ਨੂੰ ਮਿਲਿਆ ਸਬਕ
- ਵਿਜੇ ਖੱਤਰੀ 39

ਸੇਠ ਦੀ ਚਤੁਰਾਈ
- ਅਮਨਪ੍ਰੀਤ 44

## ਗੀਤ-ਕਵਿਤਾਵਾਂ

ਬਾਪੂ ਦੇ ਤਿੰਨ ਬਾਂਦਰ
- ਬਿਕੱਰ ਮਾਣਕ 09

ਸੂਰਜ ਅਤੇ ਤਾਰੇ
- ਆਲਿਯਾ ਆਹਲੂਵਾਲੀਆ 14

ਪਾਣੀ ਬਚਾਉ...
- ਰਾਜੇਸ਼ 18

ਮਨ ਦੇ ਚੰਗੇ ਹੁੰਦੇ ਬੱਚੇ
- ਪ੍ਰਿਤਪਾਲ ਸਾਦਿਕ 26

ਦੁਸਹਿਰਾ
- ਦਰਸ਼ਨ 34

## ਵਿਸ਼ੇਸ਼ ਲੇਖ

ਘਟਦਾ-ਵਧਦਾ ਚੰਦਰਮਾ
- ਈਲੂ ਰਾਣੀ 08

ਗੁਣਕਾਰੀ ਮੂੰਗ ਦੀ ਦਾਲ
- ਪਰਿਧੀ ਜੈਨ 15

ਊਦਬਿਲਾਵ
- ਦੀਪਾਂਸ਼ੂ ਜੈਨ 30

ਲਾਲ ਬਹਾਦਰ ਸ਼ਾਸਤਰੀ ਜੀ
- ਰਾਜ ਕੁਮਾਰ 33

ਨਾਰੀਅਲ ਪਾਣੀ
- ਵਿਭਾ ਸ਼ਰਮਾ 43

ਸਭ ਤੋਂ ਪਹਿਲਾਂ





# ਰਾਸ਼ਟਰੀ ਏਕਤਾ ਦੇ ਪ੍ਰਤੀਕ
# ਸਾਡੇ ਤਿਉਹਾਰ


ਪਿਆਰੇ ਬਚਿਓ ! ਭਾਰਤ ਦੇਸ਼ ਵਿਭਿੰਨ ਮਾਨਤਾਵਾਂ, ਵਿਭਿੰਨ ਸੰਸਕ੍ਰਿਤੀਆਂ ਤੇ ਵਿਭਿੰਨ ਭਾਸ਼ਾਵਾਂ ਵਾਲਾ ਦੇਸ਼ ਹੈ। ਹੋਰ ਅਨੇਕਾਂ ਦੇਸ਼ਾਂ ਵਿਚ ਸਿਰਫ ਕਿਸੇ ਇਕ ਖਾਸ ਮਾਨਤਾ ਜਾਂ ਧਰਮ ਨੂੰ ਮੰਨਣ ਵਾਲਿਆਂ ਦੀ ਵਸੋ ਜਿਆਦਾ ਹੁੰਦੀ ਹੈ ਅਤੇ ਉਸੀ ਮਾਨਤਾ ਅਨੁਸਾਰ ਤਿਉਹਾਰ ਮਨਾਏ ਜਾਂਦੇ ਹਨ ਜਦਕਿ ਭਾਰਤ ਵਿਚ ਹਿੰਦੂ, ਮੁਸਲਮਾਨ, ਸਿਖ, ਈਸਾਈ, ਜੈਨ, ਬੋਧ, ਪਾਰਸੀ ਅਤੇ ਹੋਰ ਅਨੇਕਾ ਮਾਨਤਾਵਾਂ ਵਾਲੇ ਲੋਕ ਰਹਿੰਦੇ ਹਨ ਅਤੇ ਸਾਰਿਆਂ ਨੂੰ ਇਕੋ ਜਿਹੇ ਅਧਿਕਾਰ ਪ੍ਰਾਪਤ ਹਨ। ਇਹ ਦੇਸ਼ ਇਕ ਐਸੇ ਸੁੰਦਰ ਗੁਲਸ਼ਨ ਦਾ ਰੂਪ ਹੈ, ਜਿਸ ਵਿਚ ਅਲਗ-ਅਲਗ ਰੰਗ ਤੇ ਖੁਸ਼ਬੂ ਵਾਲੇ ਫੁਲ ਖਿੜਦੇ ਹਨ ਤੇ ਬਾਗ ਦੀ ਸ਼ੋਭਾ ਬਣਦੇ ਹਨ। ਹਰ ਖਿੜੇ ਹੋਏ ਫੁਲ ਦੀ ਹੋਂਦ ਭਾਵੇਂ ਵਖਰੀ ਹੁੰਦੀ ਹੈ, ਨਾਂ, ਕਿਸਮ, ਰੰਗ ਅਤੇ ਖੁਸ਼ਬੂ ਅਲਗ ਹੁੰਦੀ ਹੈ; ਪਰ ਹੁੰਦੇ ਸਾਰੇ ਇਕ ਹੀ ਗੁਲਸ਼ਨ ਦੀ ਦੇਨ ਹਨ। ਉਹ ਸਾਰੇ ਮਿਲ ਜੁਲ ਕੇ ਗੁਲਸ਼ਨ ਦੀ ਸੁੰਦਰਤਾ ਨੂੰ ਵਧਾਉਂਦੇ ਹਨ। ਰੰਗ, ਕਿਸਮ ਜਾਂ ਖੁਸ਼ਬੂ ਕਾਰਣ ਆਪਸ ਵਿਚ ਨਾ ਕਦੇ ਮਨ-ਮੁਟਾਵ ਕਰਦੇ ਹਨ ਤੇ ਨਾ ਕਦੇ ਟਕਰਾਉਂਦੇ ਹਨ।

ਪਿਆਰੇ ਬਚਿਓ! ਇਸੀ ਤਰ੍ਹਾਂ ਅਲਗ-ਅਲਗ ਮਾਨਤਾਵਾਂ ਕਾਰਣ ਦੇਸ਼ ਵਿਚ ਅਲਗ-ਅਲਗ ਤਿਉਹਾਰ ਮਨਾਏ ਜਾਂਦੇ ਹਨ। ਹੋਲੀ, ਦੀਵਾਲੀ, ਈਦ, ਕ੍ਰਿਸਮਿਸ, ਗੁਰੂ-ਪੁਰਬ, ਵਿਸਾਖੀ ਆਦਿ। ਅਲਗ-ਅਲਗ ਮੌਕਿਆਂ ਤੇ ਮਨਾਏ ਜਾਣ ਵਾਲੇ ਇਨ੍ਹਾਂ ਤਿਉਹਾਰਾਂ ਨੂੰ ਅਲਗ-ਅਲਗ ਸਮੇਂ ਅਤੇ ਅਲਗ-ਅਲਗ ਢੰਗ ਨਾਲ ਭਾਵੇਂ ਮਨਾਇਆ ਜਾਂਦਾ ਹੋਵੇ; ਪਰ ਇਨ੍ਹਾਂ ਦੇ ਮੂਲ ਵਿਚ ਜੋ ਭਾਵਨਾ ਛੁਪੀ ਹੋਈ ਹੈ, ਉਹ ਅਲਗ-ਅਲਗ ਨਹੀਂ ਹੈ ਬਲਕਿ ਇਕ ਹੀ ਹੈ ਅਤੇ ਉਹ ਹੈ ਮਨ ਦੀ ਖੁਸ਼ੀ ਅਤੇ ਸਾਡੀ ਮਾਨਤਾ। ਜੇਕਰ ਦੀਵਾਲੀ ਭਗਵਾਨ ਸ੍ਰੀ ਰਾਮ ਜੀ ਦੇ ਅਜੁਧਿਆ ਤੋਂ ਵਾਪਿਸ ਆਉਣ ਦੀ ਖੁਸ਼ੀ ਵਿਚ ਮਨਾਈ ਜਾਂਦੀ ਹੈ ਤਾਂ ਕ੍ਰਿਸਮਿਸ ਪ੍ਰਭੂ ਯੀਸ਼ੂ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ; ਇਸੀ ਤਰ੍ਹਾਂ ਗੁਰੂ-ਪੁਰਬ ਵੀ ਗੁਰੂ ਸਾਹਿਬਾਨ ਦੇ ਪ੍ਰਗਟ ਹੋਣ ਦੀ ਖੁਸ਼ੀ ਨੂੰ ਦਰਸਾਉਂਦੇ ਹਨ। ਹੋਲੀ ਅਤੇ ਦਸਿਹਰਾ ਝੂਠ ਉਤੇ ਸੱਚ ਦੀ ਜਿੱਤ ਹੋਣ ਦੀ ਖੁਸ਼ੀ ਦਾ ਪ੍ਰਤੀਕ ਹੈ।

ਭਾਵ ਇਨ੍ਹਾਂ ਸਾਰੇ ਤਿਉਹਾਰਾਂ ਦੇ ਮੂਲ ਵਿਚ ਸਾਡੀਆਂ ਧਾਰਮਿਕ ਮਾਨਤਾਵਾਂ ਅਤੇ ਸੱਚ ਹੀ ਦੇ ਭਾਵ ਨੂੰ ਪ੍ਰਗਟਾਉਣ ਦਾ ਹੀ ਮਕਸਦ ਹੁੰਦਾ ਹੈ। ਇਨ੍ਹਾਂ ਤਿਓਹਾਰਾਂ ਦਾ ਮਹੱਤਵ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਅਗਲ-ਅਲਗ ਮਾਨਤਾਵਾਂ ਨਾਲ ਸੰਬੰਧ ਹੋਣ ਦੇ ਬਾਵਜੂਦ ਇਨ੍ਹਾਂ ਪਿਛੇ ਛੁਪੇ ਇਕ ਹੀ ਮਕਸਦ ਨੂੰ ਧਿਆਨ ਵਿਚ ਰਖਦਿਆਂ ਸਾਰੇ ਦੇਸ਼ਵਾਸੀ ਇਨ੍ਹਾਂ ਨੂੰ ਮਿਲਜੁਲ ਕੇ ਮਨਾਉਂਦੇ ਹਨ। ਇਕ-ਦੂਜੇ ਨੂੰ ਸ਼ੁਭਕਾਮਨਾਵਾਂ ਦਿੰਦੇ ਹਨ, ਮਿਠਾਈਆਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਇਸ ਤਰ੍ਹਾਂ ਅਨੇਕਤਾ ਵਿਚ ਏਕਤਾ ਦਾ ਭਾਵ ਪ੍ਰਬਲ ਹੁੰਦਾ ਰਹਿੰਦਾ ਹੈ।

ਪਿਆਰੇ ਬਚਿਓ! ਅਸੀਂ ਵੀ ਹਰ ਤਿਉਹਾਰ ਨੂੰ ਮਿਲ-ਜੁਲ ਕੇ ਮਨਾਉਣਾ ਹੈ ਅਤੇ ਇਨ੍ਹਾਂ ਤਿਓਹਾਰਾਂ ਰਾਹੀਂ ਅਪਣੀ ਰਾਸ਼ਟਰੀ ਏਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨੀ ਹੈ।

ਸੁਲੇਖ 'ਸਾਥੀ'
sulekh.sathi@nirankari.org



ਗੋਵਿੰਦ ਭਾਰਦਵਾਜ

# ਕੁਦਰਤ ਦਾ ਨਿਯਮ

ਇਕ ਖੇਤ ਦੇ ਕੋਲ ਵਿਸ਼ਾਲ ਪਿਪਲ ਦਾ ਰੁੱਖ ਸੀ। ਖੇਤ ਵਿੱਚ ਕੱਦੂ ਦੀਆਂ ਵੇਲਾਂ ਸਨ ਜਿਸ ਵਿੱਚ ਮੋਟੇ ਅਤੇ ਵੱਡੇ-ਵੱਡੇ ਕੱਦੂ ਲੱਗੇ ਹੋਏ ਸਨ। ਪਿਪਲ ਅਤੇ ਕੱਦੂ ਵਿੱਚ ਜਾਨ-ਪਹਿਚਾਣ ਹੋ ਗਈ।

ਇਕ ਦਿਨ ਪਿਪਲ ਬਹੁਤ ਉਦਾਸ ਸੀ। ਕੱਦੂਆਂ ਨੇ ਜਦੋਂ ਪਿਪਲ ਨੂੰ ਉਦਾਸ ਵੇਖਿਆ ਤਾਂ ਕੱਦੂਆਂ ਨੇ ਪੁੱਛਿਆ- ''ਪਿਪਲ ਭਾਈ, ਅੱਜ ਤੂੰ ਉਦਾਸ ਕਿਉਂ ਹੈ?''

''ਨਹੀਂ... ਨਹੀਂ... ਕੋਈ ਵਿਸ਼ੇਸ਼ ਗੱਲ ਨਹੀਂ ਹੈ।'' ਪਿਪਲ ਨੇ ਉਦਾਸ ਮਨ ਨਾਲ ਉੱਤਰ ਦਿੱਤਾ।

ਇਕ ਕੱਦੂ ਬੋਲਿਆ- ''ਤੁਸੀਂ ਤਾਂ ਸਦਾ ਹੱਸਦੇ-ਮੁਸਕਰਾਉਂਦੇ ਰਹਿੰਦੇ ਹੋ, ਅੱਜ ਕੋਈ ਤਾਂ ਗੱਲ ਹੈ।''


ਪਿਪਲ ਨੇ ਕਿਹਾ- ''ਮੈਂ ਇਸ ਲਈ ਉਦਾਸ ਹਾਂ ਕਿ ਮੇਰੀ ਕਾਇਆ ਤਾਂ ਐਨੀ ਵਿਸ਼ਾਲ ਹੈ ਪਰ ਮੇਰੇ ਫ਼ਲ ਬਿਲਕੁਲ ਛੋਟੇ-ਛੋਟੇ। ਮੈਨੂੰ ਆਪਣੇ ਆਪ ਤੋਂ ਨਫ਼ਰਤ ਹੋ ਗਈ ਹੈ।

ਗੱਲ ਤਾਂ ਤੁਸੀਂ ਠੀਕ ਕਹਿ ਰਹੇ ਹੋ ਭਾਈ। ਤੁਹਾਡੀ ਗੱਲ ਕੀ? ਤੁਸੀਂ ਸਾਨੂੰ ਹੀ ਵੇਖ ਲਵੋ। ਅਸੀਂ ਐਨੇ ਮੋਟੇ ਅਤੇ ਵੱਡੇ ਹਾਂ ਜਦੋਂ ਕਿ ਸਾਡੀ ਵੇਲ ਬਿਲਕੁਲ ਕਮਜ਼ੋਰ। ਜੋ ਆਪਣੇ ਸਹਾਰੇ ਖੜੀ ਵੀ ਨਹੀਂ ਹੋ ਸਕਦੀ। ਸਾਨੂੰ ਇਨ੍ਹਾਂ ਵੇਲਾਂ ਨੂੰ ਵੇਖ ਕੇ ਸ਼ਰਮ ਆਉਂਦੀ ਹੈ। ਸਾਨੂੰ ਤਾਂ ਤੁਹਾਡੇ ਜਿਹੇ ਰੁੱਖਾਂ ਦੇ ਫਲ ਹੋਣੇ ਚਾਹੀਦੇ ਸੀ।'' ਕੱਦੂ ਨੇ ਆਪਣੀ ਮਜਬੂਰੀ ਸੁਣਾਉਂਦੇ ਹੋਏ ਕਿਹਾ।

ਪਿਪਲ ਬੋਲਿਆ- ''ਕਾਸ਼ ! ਤੁਸੀਂ ਮੇਰੀਆਂ ਸ਼ਾਖਾਵਾਂ ਤੇ ਲਟਕੇ ਹੋਏ ਹੁੰਦੇ ਅਤੇ ਮੇਰੇ ਇਹ ਨੰਨ੍ਹੇ-ਨੰਨ੍ਹੇ ਫਲ ਤੁਹਾਡੀਆਂ ਵੇਲਾਂ ਤੇ।''

ਉਸ ਪਿਪਲ ਦੇ ਰੁੱਖ ਦੇ ਹੇਠਾਂ ਇਕ ਮਹਾਤਮਾ ਆਰਾਮ ਕਰ ਰਹੇ ਸਨ। ਉਨ੍ਹਾਂ ਨੇ ਕੱਦੂ ਅਤੇ ਪਿਪਲ ਦੀ ਗੱਲ ਸੁਣ ਲਈ। ਉਹ ਉਠ ਕੇ ਪਿਪਲ ਨੂੰ ਬੋਲੇ- ''ਪਿਪਲ ਭਾਈ, ਤੇਰੇ ਮਨ ਦੀ ਗੱਲ ਮੈਂ ਸੁਣ ਲਈ ਕਿੰਤੂ ਈਸ਼ਵਰ ਨੇ ਹਰ ਇਕ ਵੇਲ-ਬੂੱਟੇ ਜੀਵ-ਜੰਤੂਆਂ ਨੂੰ ਬੜਾ ਸੋਚ-ਸਮਝ ਕੇ ਬਣਾਇਆ ਹੈ। ਇਸ ਵਿੱਚ ਸਾਡੀ ਸਭ ਦੀ ਭਲਾਈ ਛੁਪੀ ਰਹਿੰਦੀ ਹੈ।

''ਕਿਵੇਂ ਦੀ ਭਲਾਈ ਮਹਾਰਾਜ? ਘੱਟ ਤੋਂ ਘੱਟ ਉਨ੍ਹਾਂ ਦੇ ਆਕਾਰ-ਪ੍ਰਕਾਰ, ਕਦ-ਕਾਠੀ ਦਾ ਤਾਂ ਈਸ਼ਵਰ ਨੂੰ ਧਿਆਨ ਰੱਖਣਾ ਚਾਹੀਦਾ ਸੀ।'' ਪਿਪਲ ਨੇ ਈਸ਼ਵਰ ਨੂੰ ਕੋਸਦੇ ਹੋਏ ਕਿਹਾ।



ਕ੍ਰਿਪਾ ਸਾਨੂੰ ਵਰਦਾਨ ਦੇ ਦੇਵੋ। ਮੈਂ ਅਤੇ ਕੱਦੂ ਆਪ ਦੇ ਸਦਾ ਧੰਨਵਾਦੀ ਰਹਾਂਗੇ।'' ਪਿਪਲ ਨੇ ਪ੍ਰਾਥਨਾ ਕਰਦੇ ਹੋਏ ਕਿਹਾ।

ਮਹਾਤਮਾ ਜੀ ਨੂੰ ਉਨ੍ਹਾਂ ਤੇ ਦਇਆ ਆ ਗਈ ਅਤੇ ਪ੍ਰਭੂ ਸਿਮਰਨ ਕਰਨ ਲੱਗੇ। ਥੋੜੀ ਦੇਰ ਵਿੱਚ ਸਭ ਕੁਝ ਬਦਲ ਗਿਆ। ਪਿਪਲ ਦੇ ਰੁੱਖ ਉਤੇ ਕੱਦੂ ਲਟਕ ਗਏ ਅਤੇ ਵੇਲਾਂ ਤੇ ਪਿਪਲ ਦੇ ਲਾਲ-ਲਾਲ ਛੋਟੇ-ਛੋਟੇ ਫਲ। ਪਿਪਲ ਅਤੇ ਕੱਦੂ ਬੜੇ ਖੁਸ਼ ਹੋਏ।

ਮਹਾਤਮਾ ਆਪਣਾ ਕਮੰਡਲ ਚੁੱਕ ਕੇ ਚਲੇ ਗਏ। ਦੂਜੇ ਦਿਨ ਜਦੋਂ ਕਿਸਾਨ ਮੰਡੀ ਵਿੱਚ ਵੇਚਣ ਦੇ ਲਈ ਕੱਦੂਆਂ ਨੂੰ ਤੋੜਨ ਆਇਆ ਤਾਂ ਉਸ ਨੂੰ ਬੜੀ ਹੈਰਾਨੀ ਹੋਈ। ਉਸਨੇ ਸੋਚਿਆ ਕਿ ਮੇਰੇ ਖੇਤ ਦੀ ਫਸਲ ਖ਼ਰਾਬ ਹੋ ਗਈ। ਇਸ ਲਈ ਇਨ੍ਹਾਂ ਵੇਲਾਂ ਨੂੰ ਉਖਾੜਨ ਵਿੱਚ ਹੀ ਭਲਾਈ ਹੈ। ਉਸਨੇ ਸਾਰੀਆਂ ਵੇਲਾਂ ਨੂੰ ਜੜ ਤੋਂ ਉਖਾੜ ਦਿੱਤਾ ਅਤੇ ਦੂਜੀ ਫ਼ਸਲ ਬੀਜਣ ਦਾ ਫੈਸਲਾ ਕਰ ਲਿਆ।

ਕੱਦੂ ਵੀ ਬਿਨਾ ਬੋਲੇ ਨਹੀਂ ਰਿਹਾ। ਉਹ ਬੋਲਿਆ- ''ਭਲਾਈ-ਵਲਾਈ ਕੁਝ ਨਹੀਂ ਮਹਾਰਾਜ ! ਇਹ ਤਾਂ ਈਸ਼ਵਰ ਦੀ ਬੇਇਨਸਾਫੀ ਹੈ।''


''ਨਹੀਂ ਕੱਦੂ ਭਾਈ ਅਜਿਹਾ ਨਾ ਬੋਲੋ ਈਸ਼ਵਰ ਸਾਡੇ ਸਭ ਦਾ ਜਨਮਦਾਤਾ ਹੈ - ਮਹਾਤਮਾ ਨੇ ਕੱਦੂ ਨੂੰ ਕਿਹਾ।


ਪਿਪਲ ਨੇ ਮਹਾਤਮਾ ਦੀਆਂ ਆਦਰਸ਼ ਗੱਲਾਂ ਸੁਣ ਕੇ ਕਿਹਾ-''ਮਹਾਰਾਜ ! ਤੁਸੀਂ ਤਾਂ ਈਸ਼ਵਰ ਦੇ ਉਪਾਸਕ ਹੋ। ਤੁਸੀਂ ਸਾਨੂੰ ਅਜਿਹਾ ਵਰਦਾਨ ਕਿਉਂ ਨਹੀਂ ਦੇਂਦੇ ਜਿਸ ਨਾਲ ਮੇਰੀਆਂ ਸ਼ਾਖਾਵਾਂ ਤੇ ਕੱਦੂ ਲਟਕ ਜਾਣ ਅਤੇ ਮੇਰੇ ਫਲ ਇਨ੍ਹਾਂ ਵੇਲਾਂ ਤੇ ਲੱਗ ਜਾਣ।''

''ਪਿਪਲ ਭਾਈ, ਕੁਦਰਤ ਦੇ ਨਿਯਮ ਨੂੰ ਬਦਲਣਾ ਅਨਿਆ ਹੈ। ਵਰਦਾਨ ਤਾਂ ਮੈਂ ਦੇ ਸਕਦਾ ਹਾਂ ਪਰ ਈਸ਼ਵਰ ਦੇ ਕਾਨੂੰਨ ਨੂੰ ਬਦਲਣਾ ਸਾਡੇ ਲਈ ਹਾਨੀਕਾਰਕ ਹੋ ਸਕਦਾ ਹੈ।''

ਮਹਾਤਮਾ ਜੀ ਨੇ ਸਮਝਾਉਂਦੇ ਹੋਏ ਕਿਹਾ।

''ਮਹਾਰਾਜ ਸਾਡੀ ਹਾਨੀ ਦੀ ਚਿੰਤਾ ਬਿਲਕੁਲ ਨਾ ਕਰੋ।





ਉਧਰ ਜਾਂਦੇ-ਜਾਂਦੇ ਯਾਤਰੀ ਪਰੇਸ਼ਾਨ ਕਿਉਂਕਿ ਜੋ ਵੀ ਪਿਪਲ ਦੇ ਹੇਠਾਂ ਤੋਂ ਗੁਜਰਦਾ ਉਸ ਤੇ ਕੱਦੂ ਟੁੱਟ ਕੇ ਡਿਗ ਜਾਂਦਾ। ਉਹ ਜ਼ਖਮੀ ਹੋਣ ਲੱਗੇ। ਇਕ ਦਿਨ ਇਕ ਤਰਖਾਣ ਉਥੋ ਲੰਘਿਆ। ਇਕ ਵੱਡਾ ਜਿਹਾ ਕੱਦੂ ਤਰਖਾਣ ਦੇ ਉਪਰ ਆ ਕੇ ਡਿੱਗਿਆ। ਉਸ ਦਾ ਸਿਰ ਫੁੱਟ ਗਿਆ। ਉਸ ਨੇ ਪਿੰਡ ਵਾਸੀਆਂ ਨੂੰ ਕੱਦੂ ਦੀ ਘਟਨਾ ਦੱਸੀ। ਪਿੰਡ ਵਾਸੀਆਂ ਨੇ ਉਸ ਪਿਪਲ ਨੂੰ ਕੱਟਣ ਦਾ ਫੈਸਲਾ ਲੈ ਲਿਆ। ਅਗਲੇ ਦਿਨ ਤਰਖਾਣ ਆਪਣੇ ਕੁਝ ਸਾਥੀਆਂ ਦੇ ਨਾਲ ਆਇਆ ਅਤੇ ਪਿਪਲ ਨੂੰ ਕੱਟਣ ਲੱਗਾ। ਪਿਪਲ ਬੜਾ ਦੁੱਖੀ ਹੋਇਆ। ਉਸ ਨੇ ਕੱਦੂਆਂ ਨੂੰ ਭਲਾ-ਬੁਰਾ ਕਿਹਾ ਤਾਂ ਕੱਦੂਆਂ ਨੇ ਵੀ ਕਿਹਾ ਕਿ ਤੁਹਾਡੇ ਕਾਰਣ ਤਾਂ ਕਿਸਾਨ ਨੇ ਸਾਡੀਆਂ ਵੇਲਾਂ ਹੀ ਕੱਟ ਦਿੱਤੀਆਂ। ਦੋਹਾਂ ਵਿੱਚ ਜ਼ੋਰ-ਜ਼ੋਰ ਨਾਲ ਤਕਰਾਰ ਸ਼ੁਰੂ ਹੋ ਗਈ।


ਉਸੀ ਸਮੇਂ ਉਹੀ ਮਹਾਤਮਾ ਪਿਪਲ ਵੱਲ ਆਉਂਦਾ ਦਿਖਾਈ ਦਿੱਤਾ। ਪਿਪਲ ਜ਼ੋਰ ਨਾਲ ਬੋਲਿਆ। ਮਹਾਤਮਾ ਨੇ ਪਿਪਲ ਦੀ ਆਵਾਜ਼ ਸੁਣ ਲਈ। ਉਹ ਉਸ ਦੇ ਕੋਲ ਆਏ। ਮਹਾਤਮਾ ਤਰਖਾਣ ਨੂੰ ਵੇਖ ਕੇ ਸਮਝ ਗਏ ਕਿ ਪਿਪਲ ਨੂੰ ਕਿਉਂ ਕੱਟਿਆ ਜਾ ਰਿਹਾ ਹੈ। ਪਿਪਲ ਬੋਲਿਆ– ''ਮਹਾਰਾਜ, ਮੈਨੂੰ ਬਚਾਓ।''

ਮਹਾਤਮਾ ਬੋਲੇ- ''ਭਾਈ ਮੈਂ ਤਾਂ ਪਹਿਲੇ ਹੀ ਕਿਹਾ ਸੀ ਕਿ ਕੁਦਰਤ ਦੇ ਨਿਯਮ ਦੇ ਵਿਰੁੱਧ ਕੋਈ ਕੰਮ ਕਰੋਗੇ ਤਾਂ ਹਾਨੀ ਹੋਵੇਗੀ।

''ਮੈਨੂੰ ਤਾਂ ਉਹ ਨੰਨ੍ਹੇ-ਨੰਨ੍ਹੇ ਫਲ ਹੀ ਵਾਪਿਸ ਕਰ ਦੇਵੋ ਵਰਨਾ ਇਹ ਲੋਕ ਮੈਨੂੰ ਜੜ੍ਹ ਤੋਂ ਕੱਟ ਦੇਣਗੇ।'' ਪਿਪਲ ਨੇ ਗਿੜਗਿੜਾਉਂਦੇ ਹੋਏ ਕਿਹਾ।

ਕੱਦੂ ਵੀ ਬੋਲੇ- ''ਮਹਾਰਾਜ ! ਸਾਨੂੰ ਵੀ ਮਾਫ ਕਰੋ ਅਤੇ ਇਸ ਪਿਪਲ ਨੂੰ ਜ਼ਰੂਰ ਬਚਾ ਲਵੋ। ਵਰਨਾ ਸਾਡੀ ਗਲਤੀ ਦੇ ਕਾਰਣ ਰੁੱਖ ਤੇ ਰਹਿਣ ਵਾਲੇ ਪੰਛੀਆਂ ਦੇ ਘਰ ਬਰਬਾਦ ਹੋ ਜਾਣਗੇ।''

ਮਹਾਤਮਾ ਨੇ ਆਪਣੀ ਦੈਵੀ-ਸ਼ਕਤੀ ਦੇ ਰਾਹੀਂ ਫਿਰ ਤੋਂ ਪਿਪਲ ਨੂੰ ਛੋਟੇ-ਛੋਟੇ ਫਲਾਂ ਨਾਲ ਲੱਦ ਦਿੱਤਾ। ਕੱਦੂ ਆਪਣੀ ਹੋਂਦ ਖੋ ਚੁੱਕੇ ਸਨ। ਮਹਾਤਮਾ ਨੇ ਤਰਖਾਣ ਨੂੰ ਸਮਝਾ ਦਿੱਤਾ। ਹੁਣ ਪਿਪਲ ਆਪਣੇ ਛੋਟੇ ਫਲਾਂ ਦੇ ਨਾਲ ਖੁਸ਼ ਸੀ।





❑ ਈਲੂ ਰਾਣੀ

# ਘਟਦਾ – ਵਧਦਾ ਚੰਦਰਮਾ

ਦਿਨ-ਦਿਨ ਚੰਦਰਮਾ ਦਾ ਵੱਧਣਾ ਅਤੇ ਪੂਰਣਮਾ ਤੱਕ; ਪੂਰਣਤਾ ਨੂੰ ਪ੍ਰਾਪਤ ਕਰਨਾ ਅਤੇ ਫਿਰ ਪੂਰਣਮਾ ਤੋਂ ਮੱਸਿਆ ਤੱਕ ਲਗਾਤਾਰ ਘਟਦੇ ਰਹਿਣਾ ਅਤੇ ਫਿਰ ਉਸਦਾ ਵੱਧਣਾ ਸਚਮੁੱਚ ਇਕ ਹੈਰਾਨੀਜਨਕ ਵਿਸ਼ਾ ਹੈ। ਅਸਲੀਅਤ ਇਹ ਹੈ ਕਿ ਚੰਦਰਮਾ ਨਾ ਤਾਂ ਘਟਦਾ ਹੈ ਅਤੇ ਨਾ ਹੀ ਵੱਧਦਾ ਹੈ। ਸੂਰਜ ਦੇ ਪੈਣ ਵਾਲੇ ਪ੍ਰਕਾਸ਼ ਕਾਰਣ ਹੀ ਇਹ ਸਾਨੂੰ ਘੱਟਦਾ-ਵੱਧਦਾ ਦਿਖਾਈ ਦੇਂਦਾ ਹੈ।

ਚੰਦਰਮਾ ਧਰਤੀ ਦਾ ਉਪਗ੍ਰਹਿ ਹੈ। ਜਿਸ ਤਰ੍ਹਾਂ ਨਾਲ ਧਰਤੀ ਸੂਰਜ ਦੀ ਪਰਿਕਰਮਾ ਕਰਦੀ ਹੈ। ਠੀਕ ਉਸੀ ਤਰ੍ਹਾਂ ਚੰਦਰਮਾ, ਧਰਤੀ ਦੀ ਪਰਿਕਰਮਾ ਕਰਦਾ ਹੈ। ਇਸ ਧਰਤੀ ਦੀ ਇਕ ਪਰਿਕਰਮਾ ਕਰਨ ਵਿੱਚ ਲਗਭਗ ਸਾਢੇ ਉਨਤੀਸ ਦਿਨ ਲੱਗਦੇ ਹਨ। ਇਹ ਸੂਰਜ ਦੇ ਪ੍ਰਕਾਸ਼ ਵਿੱਚ ਚਮਕਦਾ ਹੈ। ਇਸ ਤੇ ਪੈਣ ਵਾਲਾ ਸੂਰਜ ਦਾ ਪ੍ਰਕਾਸ਼ ਪਰਾਵਰਤਿਤ ਹੋ ਕੇ ਧਰਤੀ ਤੇ ਪਹੁੰਚਦਾ ਹੈ। ਚੰਦਰਮਾ ਦਾ ਇਕ ਹੀ ਹਿੱਸਾ ਧਰਤੀ ਵੱਲ ਰਹਿੰਦਾ ਹੈ। ਇਸਦਾ ਦੂਜਾ ਹਿੱਸਾ ਸਾਨੂੰ ਸਾਫ਼ ਦਿਖਾਈ ਨਹੀਂ ਦੇਂਦਾ। ਜਦੋਂ ਚੰਦਰਮਾ ਸੂਰਜ ਅਤੇ ਧਰਤੀ ਦੇ ਵਿੱਚ ਆ ਜਾਂਦਾ ਹੈ ਤਾਂ ਇਸਦਾ ਚਮਕਣ ਵਾਲਾ ਹਿੱਸਾ ਸਾਨੂੰ ਦਿਖਾਈ ਨਹੀਂ ਦੇਂਦਾ ਕਿਉਂਕਿ ਉਹ ਹਿੱਸਾ ਧਰਤੀ ਦੇ ਉਲਟ ਦਿਸ਼ਾ ਵਿੱਚ ਰਹਿੰਦਾ ਹੈ। ਕੇਵਲ ਅੰਧਕਾਰਮਈ ਹਿੱਸਾ ਹੀ ਸਾਡੇ ਸਾਹਮਣੇ ਰਹਿੰਦਾ ਹੈ। ਸਾਨੂੰ ਚੰਦਰਮਾ ਦਾ ਕੋਈ ਹਿੱਸਾ ਚਮਕਦਾ ਹੋਇਆ ਦਿਖਾਈ ਨਹੀਂ ਦੇਂਦਾ। ਇਹੀ ਅਮਾਵਸਿਆ ਦਾ ਚੰਦਰਮਾ ਹੁੰਦਾ ਹੈ। ਜਿਵੇਂ-ਜਿਵੇ ਚੰਦਰਮਾ ਦੀ ਗਤੀ ਦੇ ਕਾਰਣ ਸਥਿਤੀਆਂ ਬਦਲਦੀਆਂ ਹਨ। ਵੈਸੇ-ਵੈਸੇ ਇਸਦੀ ਸਤਹ ਦਾ ਕੁਝ ਹਿੱਸਾ ਸਾਨੂੰ ਦਿਖਾਈ ਦੇਣ ਲੱਗਦਾ ਹੈ। ਹੋਲੀ-ਹੋਲੀ ਪੂਰਨਿਮਾਂ ਤੱਕ ਇਸਦੀ ਪ੍ਰਕਾਸ਼ਿਤ ਸਤਹ ਦਾ ਦਿਸਣ ਵਾਲਾ ਹਿੱਸਾ ਵੱਧਦਾ ਜਾਂਦਾ ਹੈ ਤੇ ਪੂਰਣਮਾ ਦੇ ਦਿਨ ਧਰਤੀ ਤੋਂ ਦਿਸਣ ਵਾਲੀ ਸਤਹ ਪੂਰਣ ਪ੍ਰਕਾਸ਼ਿਤ ਹੋ ਜਾਂਦੀ ਹੈ ਅਤੇ ਇਸ ਨੂੰ ਅਸੀਂ ਪੂਰਣਮਾ ਦਾ ਚੰਦਰਮਾ ਕਹਿੰਦੇ ਹਾਂ। ਇਸ ਦਿਨ ਧਰਤੀ, ਸੂਰਜ ਅਤੇ ਚੰਦਰਮਾ ਦੇ ਵਿੱਚ ਹੁੰਦੀ ਹੈ।

ਪੂਰਣਮਾ ਦੇ ਦਿਨ ਚੰਦਰਮਾ ਪੂਰਣ ਚਮਕਦਾ ਦਿਖਾਈ ਦੇਂਦਾ ਹੈ, ਲੇਕਿਨ ਘਟਦੇ-ਘਟਦੇ ਉਹ ਅਮਾਵਸਿਆ ਦੀ ਰਾਤ ਨੂੰ ਬਿਲਕੁਲ ਗਾਇਬ ਹੋ ਜਾਂਦਾ ਹੈ। ਚੰਦਰਮਾ ਦੇ ਇਸ ਘੱਟਦੇ-ਵੱਧਦੇ ਰੂਪ ਨੂੰ ਚੰਦਰਮਾ ਦੀਆਂ ਕਲਾਵਾਂ ਕਿਹਾ ਜਾਂਦਾ ਹੈ।

ਚਾਂਦਨੀ ਰਾਤਾਂ ਵਿੱਚ ਕੁਦਰਤ ਦੇ ਨਜ਼ਾਰੇ ਖੂਬਸੂਰਤ ਦਿਖਾਈ ਦੇਂਦੇ ਹਨ। ਨਦੀ, ਤਾਲਾਬ, ਝੀਲ ਆਦਿ ਵਿੱਚ ਚੰਦਰਮਾ ਦਾ ਪ੍ਰਤੀਬਿੰਬ ਬੜਾ ਮਨੋਰਮ ਦਿਖਾਈ ਦੇਂਦਾ ਹੈ। ਪਹਾੜਾਂ ਤੇ ਬਿਖਰਦੀ ਚਾਂਦਨੀ ਪਹਾੜਾਂ ਦੇ ਸੁੰਦਰਤਾ ਵਿੱਚ ਚਾਰ ਚੰਨ ਲਗਾ ਦੇਂਦੀ ਹੈ। ਰਾਤ ਵਿੱਚ ਖਿੜਣ ਵਾਲੇ ਫੁੱਲਾਂ ਤੇ ਜਦੋਂ ਚਾਂਦਨੀ ਦੀ ਕਿਰਣਾਂ ਪੈਂਦੀਆਂ ਹਨ ਤਾਂ ਫੁੱਲਾਂ ਦੀ ਸੁੰਦਰਤਾ ਸਚਮੁੱਚ ਮਨ ਮੋਹ ਲੈਂਦੀ ਹੈ। ਸ਼ਰਦ ਪੂਰਣਮਾ ਦੀ ਚਾਂਦਨੀ ਤਾਂ ਧਰਤੀ ਤੇ ਇਕ ਤਰ੍ਹਾਂ ਨਾਲ ਅਮ੍ਰਿਤ ਵਰਸਾਂਦੀ ਹੈ। ਇਸ ਰਾਤ ਵਿੱਚ ਚੰਨ ਦੀਆਂ ਕਿਰਣਾਂ ਵਿੱਚ ਘੁੰਮਣ ਨਾਲ ਸ਼ਰੀਰ ਦੇ ਕਈ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ। ਚਮੜੀ ਦੀ ਸੁੰਦਰਤਾ ਨਿਖਰਣ ਲੱਗਦੀ ਹੈ।

ਘਟਦਾ-ਵੱਧਦਾ ਚੰਦਰਮਾ ਲੋਕ-ਜੀਵਨ ਦੇ ਕਈ ਰੰਗਾਂ ਵਿੱਚ ਰੰਗਿਆ ਹੈ। ਕਾਰਤਿਕ ਅਮਾਵਸਿਆ ਨੂੰ ਮਤਲਬ ਬਿਨ ਚਾਂਦ ਦੇ ਰਾਤ ਨੂੰ ਹਿੰਦੂ ਦੀਪ ਪੁਰਬ ਮਨਾਉਂਦੇ ਹਨ।

ਹਾਂ, ਦਾਦੀ ਮਾਂ ਅਤੇ ਨਾਨੀ ਮਾਂ ਦੀਆਂ ਕਹਾਣੀਆਂ ਵਿੱਚ ਚੰਨ ਨੂੰ ''ਬੱਚਿਆਂ ਦਾ ਚੰਦਾ ਮਾਮਾ' ਵੀ ਕਿਹਾ ਗਿਆ ਹੈ। ਸੂਰਜ ਦੀ ਤਰ੍ਹਾਂ ਚੰਨ ਵੀ ਕੁਦਰਤ ਦਾ ਅਨਮੋਲ ਤੋਹਫਾ ਹੈ।

ਬਿੱਕਰ 'ਮਾਣਕ'



# ਬਾਪੂ ਦੇ ਤਿੰਨ ਬੰਦਰ

ਬਾਪੂ ਗਾਂਧੀ ਕੋਲ ਤਿੰਨ ਸੀ ਬੰਦਰ।
ਬੈਠੇ ਰਹਿੰਦੇ ਘਰ ਦੇ ਅੰਦਰ।

ਇੱਕ ਦੇ ਕੰਨਾਂ ਉਤੇ ਹੱਥ।
ਸਭ ਨੂੰ ਇਹੋ ਰਿਹਾ ਏ ਦੱਸ।

ਨਿੰਦਿਆ, ਚੁਗਲੀ, ਤਿੱਖੀਆਂ ਛੁਰੀਆਂ।
ਕਦੀ ਸੁਣੋ ਨਾ ਗੱਲਾਂ ਬੁਰੀਆਂ।

ਦੂਜੇ ਨੇ ਧਰੇ ਅੱਖਾਂ ਤੇ ਹੱਥ।
ਭਾਵ ਬੁਰਾ ਵੀ ਦੇਖੋ ਮੱਤ।

ਚੰਗਾ ਦੇਖੋ ਤੇ ਅਪਣਾਉ।
ਸੋਹਣੇ ਦਰਸ਼ਕ ਬਣਦੇ ਜਾਉ।

ਤੀਜੇ ਨੇ ਹੱਥ ਮੂੰਹ ਤੇ ਧਰੇ।
ਗਲਤ ਕੋਈ ਨਾ ਗੱਲਾਂ ਕਰੇ।

ਪਹਿਲਾਂ, ਸੋਚੋ ਫਿਰ ਮੂੰਹ ਖੋਲ੍ਹੋ।
ਸੋਹਣੀ, ਮਿੱਠੀ, ਬੋਲੀ ਬੋਲੋ।

ਜੋ ਬੱਚੇ ਨੇ ਇਹ ਅਪਨਾਉਂਦੇ।
'ਮਾਣਕ, ਖੁਸ਼ੀਆਂ ਰਹਿੰਦੇ ਪਾਉਂਦੇ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਤਹਾਨੂੰ ਸਰਦੀਆਂ ਵਿੱਚ ਗੂੜੇ ਅਤੇ ਗਰਮੀਆਂ ਵਿੱਚ ਫਿਕੇ ਰੰਗ ਦੇ ਕਪੜੇ ਪਾਉਣੇ ਲਾਭਕਾਰੀ ਕਿਉਂ ਰਹਿੰਦੇ ਹਨ?

**ਉੱਤਰ :** ਸਰਦੀਆਂ ਵਿੱਚ ਸਰੀਰ ਨੂੰ ਗਰਮੀ ਦੀ ਲੋੜ ਹੁੰਦੀ ਹੈ। ਇਸ ਲਈ ਤੁਸੀਂ ਗੂੜੇ ਰੰਗ ਦੇ ਕਪੜੇ ਪਸੰਦ ਕਰਦੇ ਹੋ ਤਾਂਕਿ ਗਰਮੀ ਨੂੰ ਛੇਤੀ ਲੀਨ ਕੀਤਾ ਜਾ ਸਕੇ। ਇਸ ਦਾ ਕਾਰਣ ਇਹ ਹੈ ਕਿ ਗੂੜੇ ਰੰਗ ਦੇ ਕਪੜੇ ਸੂਰਜ ਦੇ ਪ੍ਰਕਾਸ਼ ਦੀਆਂ ਕਿਰਣਾਂ ਤੋਂ ਗਰਮੀ ਨੂੰ ਛੇਤੀ ਲੀਨ ਕਰ ਲੈਂਦੇ ਹਨ। ਗਰਮੀਆਂ ਵਿੱਚ ਤੁਸੀਂ ਸਫੈਦ ਜਾਂ ਫਿਕੇ ਰੰਗ ਦੇ ਹੀ ਕਪੜੇ ਪਾਉਂਦੇ ਹੋ ਤਾਂਕਿ ਗਰਮੀ ਲੀਨ ਨਾ ਹੋਵੇ ਅਤੇ ਸਰੀਰ ਨੂੰ ਗਰਮੀ ਦਾ ਅਨੁਭਵ ਨਾ ਹੋਵੇ।

**ਪ੍ਰਸ਼ਨ :** ਜਦ ਆਕਾਸ਼ ਵਿੱਚ ਬਿਜਲੀ ਚਮਕ ਰਹੀ ਹੋਵੇ ਅਤੇ ਬੱਦਲ ਵੀ ਗਰਜ ਰਹੇ ਹੋਣ ਤਾਂ ਤੁਹਾਨੂੰ ਚਮਕ ਪਹਿਲਾਂ ਦਿਖਾਈ ਦਿੰਦੀ ਹੈ ਅਤੇ ਗਰਜਨ ਬਾਦ ਵਿੱਚ ਸੁਣਾਈ ਦਿੰਦੀ ਹੈ। ਕਿਉਂ?

**ਉੱਤਰ :** ਬੱਦਲਾਂ ਦੀ ਗਰਜਨ ਅਤੇ ਬਿਜਲੀ ਦੀ ਚਮਕ ਲਗਭਗ ਇੱਕਠੀ ਹੀ ਪੈਦਾ ਹੁੰਦੀ ਹੈ ਪਰ ਤੁਹਾਨੂੰ ਚਮਕ ਪਹਿਲਾਂ ਦਿਖਾਈ ਦਿੰਦੀ ਹੈ ਅਤੇ ਗਰਜਨ ਬਾਦ ਵਿੱਚ ਸੁਣਾਈ ਪੈਂਦੀ ਹੈ। ਦਰਅਸਲ, ਪ੍ਰਕਾਸ਼ ਦਾ ਵੇਗ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਹੁੰਦਾ ਹੈ ਅਤੇ ਧੁਨੀ ਦਾ ਵੇਗ 332 ਮੀਟਰ ਪ੍ਰਤੀ ਸੈਕਿੰਡ। ਇਸ ਲਈ ਤੁਸੀਂ ਵੇਖਦੇ ਹੋ ਕਿ ਪ੍ਰਕਾਸ਼ ਚਲ ਕੇ ਛੇਤੀ ਤੁਹਾਡੀਆਂ ਅੱਖਾਂ ਤਕ ਪਹੁੰਚ ਜਾਂਦਾ ਹੈ ਅਤੇ ਧੁਨੀ ਦੇਰ ਨਾਲ ਤੁਹਾਡੇ ਕੰਨ੍ਹਾਂ ਤਕ ਪਹੁੰਚਦੀ ਹੈ।

**ਪ੍ਰਸ਼ਨ :** ਕਿਸੇ ਛੋਟੀ ਵਸਤੂ ਨੂੰ ਸਥਿਰ ਪਾਣੀ ਵਿੱਚ ਸੁੱਟਣ ਤੇ ਤਰੰਗਾਂ ਗੋਲਾਕਾਰ ਕਿਉਂ ਹੁੰਦੀਆਂ ਹਨ?

**ਉੱਤਰ :** ਤਰੰਗਾਂ ਦਾ ਆਕਾਰ ਸੁੱਟੀ ਗਈ ਵਸਤੂ ਦੇ ਆਕਾਰ ਤੇ ਨਿਰਭਰ ਕਰਦਾ ਹੈ। ਜਦ ਸਥਿਰ ਪਾਣੀ ਵਿੱਚ ਕਿਸੇ ਛੋਟੀ ਵਸਤੂ ਨੂੰ ਸੁੱਟਿਆ ਜਾਂਦਾ ਹੈ ਤਾਂ ਨਿਰਮਿਤ ਥਰਥਰਾਹਟ ਸਾਰੀਆਂ ਦਿਸ਼ਾਵਾਂ ਵਿੱਚ ਗੋਲਾਕਾਰ ਤਰੰਗਾਂ ਦਾ ਹੀ ਨਿਰਮਾਣ ਹੁੰਦਾ ਹੈ। ■



❑ ਕੁਸੁਮ ਅਗਰਵਾਲ

# ਕਬੂਤਰ ਉੱਡ ਗਏ

ਰਾਜਾ ਕੁਸ਼ਾਲ ਸਿੰਘ ਬੜਾ ਹੀ ਨੇਕ ਅਤੇ ਪਰਉਪਕਾਰੀ ਰਾਜਾ ਸੀ। ਉਸ ਦੇ ਕੋਲ ਅਪਾਰ ਧਨ-ਦੌਲਤ ਸੀ। ਉਹ ਪ੍ਰਜਾ ਦੀ ਭਲਾਈ ਦੇ ਕੰਮ ਵਿੱਚ ਲੱਗਾ ਰਹਿੰਦਾ ਸੀ। ਪ੍ਰਜਾ ਵੀ ਰਾਜਾ ਤੋਂ ਖੁਸ਼ ਸੀ। ਪੜੋਸੀ ਰਾਜਾ ਕੁਸ਼ਾਲ ਸਿੰਘ ਦੀ ਖੁਸ਼ਹਾਲੀ ਅਤੇ ਲੋਕਪ੍ਰਿਯਤਾ ਨਾਲ ਜਲਦੇ ਸਨ ਪਰੰਤੂ ਕੁਸ਼ਾਲ ਸਿੰਘ ਦੇ ਰਾਜ ਦੀ ਸ਼ਕਤੀ ਦੇ ਅੱਗੇ ਉਨ੍ਹਾਂ ਦਾ ਕੋਈ ਜ਼ੋਰ ਨਹੀਂ ਚਲਦਾ ਸੀ।

ਇਕ ਵਾਰ ਰਾਜਾ ਨੇ ਸੋਚਿਆ ਕਿ ਕਿਉਂ ਨਾ ਰਾਜ ਵਿੱਚ ਮੰਦਿਰ ਬਣਵਾਏ ਜਾਣ। ਉਸ ਨੇ ਆਪਣੇ ਮੰਤਰੀ ਨੂੰ ਕਿਹਾ– ''ਸਾਡੇ ਰਾਜ ਵਿੱਚ ਮੰਦਿਰ ਬਹੁਤ ਘੱਟ ਹਨ। ਨਗਰਵਾਸੀਆਂ ਨੂੰ ਪੂਜਾ-ਅਰਚਨਾ ਵਿੱਚ ਅਸੁਵਿਧਾ ਹੁੰਦੀ ਹੈ। ਮੇਰੇ ਵਿਚਾਰ ਵਿੱਚ ਰਾਜ ਵਿੱਚ ਕੁਝ ਚੰਗੇ ਮੰਦਿਰਾਂ ਦਾ ਨਿਰਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਮੰਦਿਰਾਂ ਵਿੱਚ ਸੋਨੇ ਦੀਆਂ ਮੂਰਤੀਆਂ ਸਥਾਪਿਤ ਹੋਣ। ਮੰਦਿਰ ਅਤੇ ਉਨ੍ਹਾਂ ਦੀਆਂ ਮੂਰਤੀਆਂ ਕਲਾ ਦੇ ਉਤਮ ਨਮੂਨੇ ਹੋਣੇ ਚਾਹੀਦੇ ਹਨ।'' ਮੰਤਰੀ ਬੋਲਿਆ– ''ਠੀਕ ਹੈ ਮਹਾਰਾਜ, ਜਿਵੇਂ ਤੁਹਾਡੀ ਇੱਛਾ।''

ਅਗਲੇ ਦਿਨ ਤੋਂ ਹੀ ਮੰਦਿਰਾਂ ਦਾ ਨਿਰਮਾਣ ਕੰਮ ਸ਼ੁਰੂ ਹੋ ਗਿਆ। ਵਿਭਿੰਨ ਕਾਰੀਗਰਾਂ ਨੂੰ ਕੰਮ ਤੇ ਲਗਾਇਆ ਗਿਆ। ਰਾਜਾ ਕਦੇ-ਕਦੇ ਖੁਦ ਜਾ ਕੇ ਰਾਜਧਾਨੀ ਦੇ ਮੰਦਿਰਾਂ ਦੇ ਕੰਮ ਦਾ ਨਿਰੀਖਣ ਕਰਦਾ ਸੀ। ਕਾਰੀਗਰਾਂ ਦੀ ਪੂਰੀ ਨਿਗਰਾਨੀ ਵੀ ਰੱਖੀ ਜਾਂਦੀ ਸੀ। ਜਲਦੀ ਹੀ ਮੰਦਿਰ ਬਣ ਕੇ ਤਿਆਰ ਹੋ ਗਏ। ਮੰਦਿਰ ਬਹੁਤ ਹੀ ਵੇਖਣ ਯੋਗ ਬਣੇ ਸਨ। ਭਗਵਾਨ ਦੀਆਂ ਮੂਰਤੀਆਂ ਦੀ ਸ਼ੋਭਾ ਤਾਂ ਵੇਖਦੇ ਹੀ ਬਣਦੀ ਸੀ। ਰਾਜਾ ਕਾਰੀਗਰਾਂ ਦੀ ਕਲਾ ਵੇਖ ਕੇ ਖੁਸ਼ ਹੋ ਗਿਆ। ਸ਼ੁਭ ਮੁਹੂਰਤ ਵਿੱਚ ਮੰਦਿਰ ਦਰਸ਼ਨਾਂ ਦੇ ਲਈ ਖੋਲ੍ਹ ਦਿੱਤੇ ਗਏ ਸਨ। ਇਨ੍ਹਾਂ ਮੰਦਿਰਾਂ ਵਿੱਚ ਪੁਜਾਰੀ ਰੱਖੇ ਗਏ। ਦੇਖ-ਭਾਲ ਦੇ ਲਈ ਸੇਵਕ ਵੀ ਰੱਖੇ ਗਏ।

ਇਕ ਦਿਨ ਰਾਜਾ ਸਵੇਰੇ ਉੱਠਿਆ ਤਾਂ ਉਸ ਨੂੰ ਮਹਿਲ ਦੇ ਬਾਹਰ ਕੁਝ ਸ਼ੋਰ ਸੁਣਾਈ ਦਿੱਤਾ। ਉਹ ਬਾਹਰ ਆਇਆ, ਆ ਕੇ ਵੇਖਿਆ ਮਹਿਲ ਦੇ ਬਾਹਰ ਕਾਫ਼ੀ ਲੋਕ ਇਕੱਠੇ ਸਨ। ਰਾਜਾ ਨੇ ਪੁੱਛਿਆ– ''ਕੀ ਗੱਲ ਹੈ? ਤੁਸੀਂ ਸਭ ਐਨੇ ਪਰੇਸ਼ਾਨ ਕਿਉਂ ਹੋ?''



ਭੀੜ ਵਿੱਚੋਂ ਇਕ ਆਦਮੀ ਅੱਗੇ ਵਧਿਆ ਅਤੇ ਬੋਲਿਆ– ''ਮਹਾਰਾਜ, ਗਜਬ ਹੋ ਗਿਆ। ਸਾਰੇ ਮੰਦਿਰਾਂ ਵਿੱਚੋਂ ਮੂਰਤੀਆਂ ਗਾਇਬ ਹੋ ਗਈਆਂ ਹਨ।'' ਇਹ ਗੱਲ ਸੁਣ ਕੇ ਰਾਜਾ ਵੀ ਹੈਰਾਨੀ ਵਿੱਚ ਪੈ ਗਿਆ। ਉਸ ਨੇ ਕਿਹਾ– ਕਿਵੇਂ ਹੋਇਆ? ਕੀ ਪੁਜਾਰੀ ਨੇ ਰਾਤ ਨੂੰ ਮੰਦਿਰ ਵਿੱਚ ਤਾਲਾ ਨਹੀਂ ਲਗਾਇਆ ਸੀ?

ਉਹ ਆਦਮੀ ਬੋਲਿਆ–''ਨਹੀਂ ਮਹਾਰਾਜ, ਪੁਜਾਰੀ ਨੇ ਤਾਲਾ ਲਗਾਇਆ ਸੀ। ਸਭ ਦਰਵਾਜ਼ੇ ਵੀ ਚੰਗੀ ਤਰ੍ਹਾਂ ਬੰਦ ਕੀਤੇ ਸਨ, ਫਿਰ ਵੀ ਚੋਰੀ ਹੋ ਗਈ।''

ਰਾਜਾ ਇਹ ਸੁਣ ਕੇ ਹੋਰ ਵੀ ਹੈਰਾਨੀ ਨਾਲ ਬੋਲਿਆ– ''ਚੰਗਾ, ਇਹ ਤਾਂ ਬੜੀ ਤਾਜੁਬ ਦੀ ਗੱਲ ਹੈ।'' ਫਿਰ ਉਸ ਨੇ ਸਿਪਾਹੀਆਂ ਨੂੰ ਕਿਹਾ–''ਤੁਸੀਂ ਜਾ ਕੇ ਪਤਾ ਲਗਾਓ, ਚੋਰ ਕਿਧਰ ਤੋਂ ਆਏ?''

ਸਿਪਾਹੀ ਗਏ। ਕੁਝ ਦੇਰ ਬਾਅਦ ਵਾਪਿਸ ਆਏ ਅਤੇ ਬੋਲੇ- ''ਮਹਾਰਾਜ ਅਸੀਂ ਚੰਗੀ ਤਰ੍ਹਾਂ ਨਾਲ ਨਿਰੀਕਸ਼ਣ ਕੀਤਾ ਹੈ। ਦੀਵਾਰਾਂ ਵਿੱਚ ਸੇਂਧ ਦਾ ਕੋਈ ਨਿਸ਼ਾਨ ਨਹੀਂ ਹੈ। ਸਾਰੇ ਖਿੜਕੀਆਂ ਅਤੇ ਦਰਵਾਜ਼ੇ ਸਹੀ ਸਲਾਮਤ ਹਨ। ਨਾ ਹੀ ਫਰਸ਼ ਟੁੱਟਿਆ–ਫੁੱਟਿਆ ਹੈ। ਸਮਝ ਵਿੱਚ ਨਹੀਂ ਆਉਂਦਾ, ਚੋਰ ਅੰਦਰ ਕਿਵੇਂ ਆਇਆ?''

ਸਾਰੀ ਗੱਲ ਸੁਣ ਕੇ ਰਾਜਾ ਨੇ ਕਿਹਾ– ''ਸਾਰੇ ਚੱਲਣ ਦੀ ਤਿਆਰੀ ਕਰੋ। ਅਸੀਂ ਖੁਦ ਵੇਖਾਂਗੇ ਕਿ ਮਾਜਰਾ ਕੀ ਹੈ?'' ਜਦੋਂ ਰਾਜਾ ਆਖਿਰੀ ਮੰਦਿਰ ਵੇਖ ਰਿਹਾ ਸੀ ਤਾਂ ਉਸ ਨੇ ਮੰਦਿਰ ਦੇ ਸਾਰੇ ਦਰਵਾਜੇ ਅਤੇ ਖਿੜਕੀਆਂ ਅੰਦਰ ਤੋਂ ਬੰਦ ਕਰ ਦਿੱਤੇ। ਫਿਰ ਉਹ ਸਭ ਦੀਵਾਰਾਂ ਵੇਖਣ ਲੱਗਾ। ਅਚਾਨਕ ਉਸ ਨੇ ਵੇਖਿਆ ਮੰਦਿਰ ਦੇ ਘੰਟੇ ਤੇ ਦੋ ਕਬੂਤਰ ਬੈਠੇ ਹਨ। ਰਾਜਾ ਬਹੁਤ ਹੈਰਾਨ ਹੋਇਆ। ਸਾਰੇ ਦਰਵਾਜ਼ੇ-ਖਿੜਕੀਆਂ ਬੰਦ ਹਨ। ਮੰਦਿਰ ਵਿੱਚ ਕਿਧਰੇ ਵੀ ਐਨਾ ਵੱਡਾ ਸੁਰਾਖ ਨਹੀਂ ਹੈ ਕਿ ਕਬੂਤਰ ਅੰਦਰ ਆ ਜਾਵੇ ਫਿਰ ਇਹ ਕਬੂਤਰ ਕਿਵੇਂ ਆਏ? ਰਾਜਾ ਨੇ ਆਪਣੇ ਸਿਪਾਹੀਆਂ ਨੂੰ ਕਿਹਾ– ''ਕਬੂਤਰਾਂ ਨੂੰ ਡਰਾ ਕੇ ਉਡਾਓ।''

ਕਾਫ਼ੀ ਦੇਰ ਤੱਕ ਤਾਂ ਕਬੂਤਰ ਮੰਦਿਰ ਵਿੱਚ ਇਧਰ–ਉਧਰ ਚੱਕਰ ਕੱਟਦੇ ਰਹਿੰਦੇ। ਫਿਰ ਮੰਦਿਰ ਦੀ ਛੱਤ ਵੱਲ ਉੱਡ ਗਏ। ਉਥੇ ਇਕ–ਦੋ ਚੱਕਰ ਕੱਟਣ ਦੇ ਬਾਅਦ ਕਬੂਤਰ ਗਾਇਬ ਹੋ ਗਏ। ਰਾਜਾ ਸੋਚਣ ਲੱਗਾ–''ਮੰਦਿਰ ਦੀ ਛੱਤ ਪੱਕੀ ਬਣੀ ਹੋਈ ਹੈ। ਇਸ ਵਿੱਚ ਕੋਈ ਦਰਾਰ ਜਾਂ ਛੇਦ ਵੀ ਨਜ਼ਰ ਨਹੀਂ ਆਉਂਦਾ, ਫਿਰ ਕਬੂਤਰ ਕਿੱਥੇ ਗਾਇਬ ਹੋ ਗਏ?'' ਰਾਜਾ ਨੇ ਸਿਪਾਹੀਆਂ ਨੂੰ ਕਿਹਾ– ''ਮੰਦਿਰ ਦੀ ਛੱਤ ਉਤੇ ਚੜ੍ਹੋ। ਪਤਾ ਲਗਾਓ ਇਸ ਵਿੱਚ ਕੋਈ ਸੁਰਾਖ ਤਾਂ ਨਹੀਂ ਹੈ।''



ਸਿਪਾਹੀ ਮੰਦਿਰ ਦੀ ਛੱਤ ਤੇ ਚੜ੍ਹੇ। ਉਨ੍ਹਾਂ ਨੇ ਵੇਖਿਆ ਮੰਦਿਰ ਦੀ ਛੱਤ ਇਸ ਤਰ੍ਹਾਂ ਬਣੀ ਹੈ ਕਿ ਬਾਹਰ ਤੋਂ ਵੇਖਣ ਨਾਲ ਤਾਂ ਪਤਾ ਲੱਗਦਾ ਹੈ ਕਿ ਕੋਈ ਸੁਰਾਖ ਨਹੀਂ ਹੈ ਪਰੰਤੂ ਉਸ ਵਿੱਚ ਇਕ ਵੱਡਾ ਸੁਰਾਖ ਬਣਾਇਆ ਗਿਆ ਹੈ ਜਿਸ ਨਾਲ ਇਕ ਆਦਮੀ ਉਸ ਵਿੱਚੋ ਮੰਦਿਰ ਵਿੱਚ ਪ੍ਰਵੇਸ਼ ਕਰ ਸਕਦਾ ਹੈ। ਕਬੂਤਰ ਉਸ ਵਿਚੋਂ ਬਾਹਰ ਨਿਕਲੇ ਹੋਣਗੇ।

ਹੇਠਾਂ ਉਤਰ ਕੇ ਉਨ੍ਹਾਂ ਨੇ ਰਾਜਾ ਨੂੰ ਇਹ ਗੱਲ ਦੱਸੀ। ਸੁਣ ਕੇ ਰਾਜਾ ਨੂੰ ਕਾਰੀਗਰਾਂ ਤੇ ਅਤਿਅੰਤ ਗੁੱਸਾ ਆਇਆ। ਨਾਲ ਹੀ ਉਨ੍ਹਾਂ ਦੀ ਕਲਾ ਤੇ ਹੈਰਾਨੀ ਵੀ ਹੋਈ। ਉਸ ਨੇ ਆਪਣੇ ਸਿਪਾਹੀਆਂ ਨੂੰ ਕਿਹਾ–''ਜਿਨ੍ਹਾਂ ਕਾਰੀਗਰਾਂ ਨੇ ਇਹ ਮੰਦਿਰ ਬਣਾਇਆ ਹੈ, ਉਨ੍ਹਾਂ ਨੂੰ ਪਕੜ ਕੇ ਲੈ ਆਓ।''

ਸਿਪਾਹੀ ਉਨ੍ਹਾਂ ਕਾਰੀਗਰਾਂ ਨੂੰ ਪਕੜ ਕੇ ਲੈ ਆਏ। ਰਾਜਾ ਨੇ ਪੁੱਛਿਆ– ''ਦੱਸੋ, ਕਿਸ ਦੇ ਕਹਿਣ ਤੇ ਤੁਸੀਂ ਇਹ ਕੰਮ ਕੀਤਾ। ਕਾਰੀਗਰ ਡਰ ਗਏ। ਉਨ੍ਹਾਂ ਦੀ ਚੋਰੀ ਪਕੜੀ ਗਈ ਸੀ। ਉਨ੍ਹਾਂ ਨੇ ਕਿਹਾ– ''ਮਹਾਰਾਜ, ਅਸੀਂ ਪੜੋਸੀ ਰਾਜ ਵਿੱਚ ਰਹਿੰਦੇ ਹਾਂ। ਆਪਣੇ ਰਾਜਾ ਦੇ ਕਹਿਣ ਤੇ ਹੀ ਅਸੀਂ ਇਹ ਕੰਮ ਕੀਤਾ।''

ਰਾਜਾ ਨੇ ਪੁੱਛਿਆ– ''ਚੁਰਾਈ ਹੋਈ ਮੂਰਤੀਆਂ ਕਿੱਥੇ ਹਨ? ਕਾਰੀਗਰਾਂ ਨੇ ਘਬਰਾ ਕੇ ਜਿੱਥੇ ਮੂਰਤੀਆਂ ਛੁਪਾ ਰੱਖੀਆਂ ਸਨ ਉਹ ਥਾਂ ਦੱਸ ਦਿੱਤੀ।''

ਰਾਜਾ ਨੇ ਮੂਰਤੀਆਂ ਫਿਰ ਤੋਂ ਸਥਾਪਿਤ ਕਰਵਾ ਦਿੱਤੀਆਂ। ਕਾਰੀਗਰਾਂ ਨੂੰ ਰਾਜਾ ਨੇ ਛੱਡ ਦਿੱਤਾ ਕਿਉਂਕਿ ਇਸ ਵਿੱਚ ਉਨ੍ਹਾਂ ਦੀ ਕੋਈ ਗਲਤੀ ਨਹੀਂ ਸੀ। ਪੜੋਸੀ ਰਾਜਾ ਨੂੰ ਆਪਣੇ ਦੂਤ ਦੇ ਹੱਥ ਰਾਜਾ ਨੇ ਇਹ ਸੰਦੇਸ਼ ਭਿਜਵਾਇਆ –

''ਤੁਸੀਂ ਇਹ ਬਹੁਤ ਹੀ ਗਲਤ ਕੰਮ ਕਰਵਾਇਆ ਹੈ। ਸਾਡੀ ਮਿੱਤਰਤਾ ਪੁਰਖਾਂ ਤੋਂ ਚਲੀ ਆ ਰਹੀ ਹੈ। ਸੋਨੇ ਦੇ ਲਾਲਚ ਵਿੱਚ ਤੁਸੀਂ ਜੋ ਕੰਮ ਕੀਤਾ ਹੈ ਉਸ ਦਾ ਮੈਨੂੰ ਪਤਾ ਚੱਲ ਗਿਆ ਹੈ ਕਿ ਤੁਸੀਂ ਕਿੰਨੇ ਸੱਚੇ ਮਿੱਤਰ ਹੋ। ਨਾਲ ਹੀ ਮੈਂ ਸਚੇਤ ਵੀ ਹੋ ਗਿਆ ਹਾਂ। ''ਲਾਲਚੀ ਦੇ ਨਾਲ ਮਿੱਤਰਤਾ ਕਰਨਾ ਆਪਣੇ ਆਪ ਨੂੰ ਧੋਖੇ ਵਿੱਚ ਰੱਖਣਾ ਹੈ।''

ਪੜੋਸੀ ਰਾਜਾ ਨੇ ਇਹ ਸੰਦੇਸ਼ ਪੜ੍ਹਿਆ ਤਾਂ ਸ਼ਰਮ ਨਾਲ ਉਸ ਦੀ ਗਰਦਨ ਝੁੱਕ ਗਈ। ਇਕ ਚੰਗਾ ਮਿੱਤਰ ਦੇਸ਼ ਗਵਾ ਦਿੱਤਾ। ਸੋਨਾ ਵੀ ਨਾ ਮਿਲਿਆ ਅਤੇ ਇਕ ਸ਼ਕਤੀਸ਼ਾਲੀ ਰਾਜਾ ਨਾਲ ਦੁਸ਼ਮਣੀ ਹੋਈ ਸੋ ਅਲਗ।



ਆਨਿਯਾ ਆਹਲੂਵਾਲੀਆ

# ਸੂਰਜ ਅਤੇ ਤਾਰੇ

ਸੁਬ੍ਹਾ ਸਵੇਰੇ ਸੂਰਜ ਚਮਕਿਆ,
ਕਲੀਆਂ ਨੇ ਵੀ ਅੱਖ ਖੋਲੀ।
ਜਾਗੋ ਭਾਈ ਜਾਗੋ ਭਾਈ,
ਆਸਮਾਨ ਵਿੱਚ ਲਾਲੀ ਛਾਈ।

ਚਿੜੀਆਂ ਚਹਿਕ ਰਹੀਆਂ ਰੁੱਖਾਂ ਤੇ,
ਤਿਤਲੀ ਮਚਲ ਰਹੀ ਫੁੱਲਾਂ ਤੇ।
ਭੌਰਿਆਂ ਦੀ ਵੱਜੀ ਸ਼ਹਿਨਾਈ,
ਕਿੰਨੀ ਸੋਹਣੀ ਸਵੇਰ ਹੈ ਆਈ।

ਰਾਤ ਨੂੰ ਤਾਰੇ ਆ ਜਾਂਦੇ ਨੇ।
ਆਸਮਾਨ ਤੇ ਛਾ ਜਾਂਦੇ ਨੇ।
ਚਮ-ਚਮ ਕਰਦੇ ਜਦ ਇਹ ਤਾਰੇ,
ਲਗਦੇ ਕਿੰਨੇ ਪਿਆਰੇ-ਪਿਆਰੇ।

ਰਾਤ ਹਨ੍ਹੇਰੀ ਜਦ ਹੁੰਦੀ ਹੈ,
ਰਾਹ ਵਿਖਾਉਂਦੇ ਹਨ ਇਹ ਤਾਰੇ।
ਸੁਬ੍ਹਾ ਜਦੋਂ ਉਜਿਆਰਾ ਹੁੰਦਾ,
ਗਾਇਬ ਹੋ ਜਾਂਦੇ ਇਹ ਸਾਰੇ।

❑ ਪਰਿਧੀ ਜੈਨ

# ਗੁਣਕਾਰੀ ਮੂੰਗ ਅਤੇ ਮੂੰਗ ਦੀ ਦਾਲ



ਦਾਲਾਂ ਵਿੱਚ ਭਰਪੂਰ ਪੌਸ਼ਟਿਕ ਤੱਤ ਹੁੰਦੇ ਹਨ। ਦਾਲਾਂ ਨੂੰ ਇਕ ਤਰ੍ਹਾਂ ਨਾਲ ਪ੍ਰੋਟੀਨ ਦਾ ਖਜ਼ਾਨਾ ਕਿਹਾ ਜਾਂਦਾ ਹੈ।

ਦਾਲਾਂ ਵਿਚੋਂ ਮੁੰਗੀ ਦੀ ਦਾਲ ਇਸ ਲਈ ਉਤਮ ਹੈ ਕਿਉਂਕਿ ਇਹ ਪੱਚਣ ਵਿੱਚ ਆਸਾਨ ਵੀ ਹੈ। ਚਾਹੇ ਸਿਹਤਮੰਦ ਵਿਅਕਤੀ ਖਾਏ ਜਾਂ ਮਰੀਜ਼ ਦੋਵਾਂ ਲਈ ਇਹ ਬਰਾਬਰ ਲਾਭਦਾਇਕ ਹੈ। ਧਨਵੰਤਰੀਨਿਘੰਟੁ ਵਿੱਚ ਮੁੰਗੀ ਦੀ ਦਾਲ ਨੂੰ 'ਸੁਪਸ੍ਰੇਸ਼ਠਾ' ਕਿਹਾ ਗਿਆ ਹੈ। ਜਿਸ ਤਰ੍ਹਾਂ ਕਿਸੇ ਵੀ ਧੁਲੀ ਹੋਈ ਦਾਲ ਦੀ ਜਗ੍ਹਾ ਛਿਲਕੇਦਾਰ ਦਾਲ ਦਾ ਖਾਣਾ ਜ਼ਿਆਦਾ ਫਾਇਦੇਮੰਦ ਹੈ, ਉਸੇ ਤਰ੍ਹਾਂ ਮੁੰਗੀ ਦੀ ਦਾਲ ਦੀ ਤੁਲਨਾ ਵਿੱਚ ਸਾਬਤ ਮੁੰਗ ਜ਼ਿਅਦਾ ਪੌਸ਼ਟਿਕ ਹੁੰਦੀ ਹੈ।

ਮੁੰਗ ਠੰਡੀ, ਹਲਕੀ, ਸਵਾਦਿਸ਼ਟ, ਹੁੰਦੀ ਹੈ। ਕਫ-ਪਿਤ ਦੇ ਵਿਕਾਰਾਂ ਨੂੰ ਸ਼ਾਂਤ ਕਰਨ ਵਾਲੀ, ਬੁਖਾਰਨਾਸ਼ਕ ਅਤੇ ਅੱਖਾਂ ਲਈ ਹਿਤਕਾਰੀ ਹੈ। ਕੁਝ ਲੋਕਾਂ ਦਾ ਭਰਮ ਹੈ ਕਿ ਦਾਲ ਖਾਣ ਨਾਲ ਪੇਟ ਵਿੱਚ ਹਵਾ ਭਰ ਜਾਂਦੀ ਹੈ। ਇਹ ਸਿਰਫ ਭਰਮ ਹੈ। ਮੁੰਗੀ ਤਾਂ ਐਨੀ ਗੁਣਕਾਰੀ ਹੈ ਕਿ ਹਮੇਸ਼ਾਂ ਮਰੀਜ਼ਾਂ ਨੂੰ ਮੁੰਗੀ ਦੀ ਦਾਲ ਫੁਲਕਾ ਅਤੇ ਮੁੰਗੀ ਦੀ ਖਿਚੜੀ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਮੁੰਗੀ ਦੀ ਗਾੜੀ ਦਾਲ ਨਾਲ ਰੋਟੀ ਅਤੇ ਪਤਲੀ ਦਾਲ ਨਾਲ ਚਾਵਲ ਦਾ ਮੇਲ ਚੰਗਾ ਬੈਠਦਾ ਹੈ। ਜਿਸ ਤਰ੍ਹਾਂ ਵੜੀਆਂ ਬਣਦੀਆਂ ਹਨ ਉਸੇ ਤਰ੍ਹਾਂ ਕਈ ਥਾਵਾਂ ਤੇ ਮੁੰਗੀ ਦੀ ਦਾਲ ਦੀਆਂ ਛੋਟੀਆਂ-ਛੋਟੀਆਂ ਮੰਗੌੜੀਆਂ ਵੀ ਬਣਾਈਆਂ ਜਾਂਦੀਆਂ ਹਨ। ਜੇਕਰ ਕਦੇ ਖਾਣ ਦੇ ਬਾਦ ਦਾਲ ਬਚ ਜਾਏ ਤਾਂ ਦੂਸਰੀ ਵਾਰ ਖਾਣੇ ਵਿੱਚ ਉਸੇ ਦਾਲ ਦੇ ਪਰਾਂਠੇ ਵੀ ਬਣਾਏ ਜਾ ਸਕਦੇ ਹਨ। ਮੂੰਗ ਦੇ ਲੱਡੂ ਤਾਂ ਬਲਵਰਧਕ ਵੀ ਹੁੰਦੇ ਹਨ। ਲੱਡੂ ਬਣਾਉਣ ਲਈ ਮੂੰਗ ਦੇ ਆਟੇ ਨੂੰ ਘਿਉ ਵਿੱਚ ਭੁੰਨ ਲਿਆ ਜਾਂਦਾ ਹੈ। ਭੁੰਨਣ ਦੇ ਦੌਰਾਨ ਇਸ ਵਿੱਚ ਥੋੜਾ-ਥੋੜਾ ਦੁੱਧ ਵੀ ਪਾਉਂਦੇ ਰਹਿਣਾ ਚਾਹੀਦਾ ਹੈ। ਜਦ ਦਾਣਾ ਫਟਣ ਲੱਗੇ ਤਾਂ ਕੜਾਈ ਉਤਾਰ ਦਿੱਤੀ ਜਾਂਦੀ ਹੈ। ਉਸ ਦੇ ਬਾਦ ਮਿਸ਼ਰੀ ਜਾਂ ਚੀਨੀ ਮਿਲਾ ਕੇ ਇਸ ਠੰਡੇ ਮਿਸ਼ਰਣ ਦੇ ਲੱਡੂ ਬਣਾ ਲਏ ਜਾਂਦੇ ਹਨ। ਇਕ-ਇਕ ਲੱਡੂ ਸਵੇਰੇ ਸ਼ਾਮ ਦੁੱਧ ਦੇ ਨਾਲ ਖਾਣਾ ਚਾਹੀਦਾ ਹੈ।



ਮੂੰਗ ਨੂੰ ਬਰੀਕ ਪੀਹ ਕੇ ਉਸ ਵਿੱਚ ਦੁੱਧ ਮਿਲਾ ਕੇ ਵੱਟਣਾ ਲਗਾਉਣ ਨਾਲ ਸਰੀਰ ਅਤੇ ਵਿਸ਼ੇਸ਼ ਕਰਕੇ ਚਿਹਰੇ ਦੀ ਸੁੰਦਰਤਾ ਨਿਖਰਦੀ ਹੈ। ਇਸੇ ਮੂੰਗ ਦਾ ਗਾੜਾ ਲੇਪ ਸੜੇ ਹੋਏ ਅੰਗਾਂ ਤੇ ਲਗਾਉਣ ਨਾਲ ਛੇਤੀ ਆਰਾਮ ਮਿਲਦਾ ਹੈ।

ਮੂੰਗ ਦਾ ਪਾਪੜ ਖਾਣਾ ਬਹੁਤ ਜ਼ਿਆਦਾ ਫਾਇਦੇਮੰਦ ਹੈ। ਇਸੇ ਤਰ੍ਹਾਂ ਦਸਤ, ਉਲਟੀ, ਬੁਖਾਰ ਅਤੇ ਜ਼ਿਅਦਾ ਪਸੀਨਾ ਆਉਣ ਵਾਲੀ ਬੀਮਾਰੀ ਵਿੱਚ ਮੂੰਗ ਦਵਾਈ ਦਾ ਕੰਮ ਦਿੰਦਾ ਹੈ।

ਪ੍ਰਤੀ 100 ਗ੍ਰਾਮ ਮੂੰਗ ਵਿੱਚ 24 ਗ੍ਰਾਮ ਪ੍ਰੋਟੀਨ, 1.3 ਗ੍ਰਾਮ ਵਸਾ, 56.ਗ੍ਰਾਮ ਕਾਰਬੋਹਾਈਡ੍ਰੇਟ ਅਤੇ 334 ਕੈਲੋਰੀ ਊਰਜਾ ਹੁੰਦੀ ਹੈ।

ਪਿਆਰੇ ਬੱਚਿਉ! ਮੁੰਗੀ ਦੀ ਦਾਲ ਵਿੱਚ ਕਾਫੀ ਵਿਟਾਮਿਨ ਵੀ ਪਾਏ ਜਾਂਦੇ ਹਨ। ਇਸ ਲਈ ਦਾਲਾਂ ਖਾਣ ਦੀ ਆਦਤ ਪਾਉਣੀ ਚਾਹੀਦੀ ਹੈ।

# ਹਾਸਾ ਖੇਡਾ

ਇਕ ਗਵਾਂਢੀ : (ਦੂਸਰੇ ਗਵਾਂਢੀ ਨੂੰ) ਤਿੰਨ ਬੁਲਾਉ ਅਤੇ ਤੇਰ੍ਹਾਂ ਆ ਜਾਣ ਤਾਂ ਕੀ ਕੀਤਾ ਜਾਏ?

ਦੂਸਰਾ ਗਵਾਂਢੀ : ਫੌਰਨ 'ਨੌ ਦੋ ਗਿਆਰਾ' ਹੋ ਜਾਣ ਵਿੱਚ ਹੀ ਭਲਾਈ ਹੈ।

.............

ਰਾਜੂ ਨੇ ਆਪਣੀ ਮਾਂ ਨੂੰ ਸ਼ਿਕਾਇਤ ਕੀਤੀ –

ਮਾਂ ਚੰਦੂ ਨੇ ਮੇਰੀ ਹਾਕੀ ਤੋੜ ਦਿੱਤੀ।

– ਲੇਕਿਨ ਕਿਉਂ? – ਮਾਂ ਨੇ ਨਾਰਾਜ ਹੁੰਦੇ ਹੋਏ ਪੁੱਛਿਆ।

– ਕਿਉਂਕਿ ਮੈਂ ਉਸ ਦੀ ਲੱਤ ਤੇ ਮਾਰ ਦਿੱਤੀ ਸੀ। – ਰਾਜੂ ਨੇ ਜਵਾਬ ਦਿੱਤਾ।

.............

ਡਾਕਟਰ (ਰੋਗੀ ਨੂੰ) –

ਤੂੰ ਆਇਆ ਤਾਂ ਪਿੱਠ ਦਰਦ ਦੱਸ ਰਿਹਾ ਸੀ ਲੇਕਿਨ ਅਸਲ ਵਿੱਚ ਤੇਰੇ ਦਿਲ ਦੀ ਧੜਕਣ ਵਧੀ ਹੋਈ ਹੈ।

ਰੋਗੀ : ਜੀ ਉਹ ਤਾਂ ਆਪ ਦੀ ਫੀਸ ਸੁਣ ਕੇ ਵਧੀ ਹੈ।



.............

ਮਰੀਜ : ਡਾਕਟਰ ਸਾਹਿਬ! ਮੈਨੂੰ ਰਾਤ ਨੂੰ ਬਹੁਤ ਦੇਰ ਤਕ ਨੀਂਦ ਨਹੀਂ ਆਉਂਦੀ।

ਡਾਕਟਰ : ਤਾਂ ਫਿਰ ਕੀ ਕਰਦਾ ਹੈ?

ਮਰੀਜ : ਪਹਿਲਾਂ ਤਾਂ ਮੈਂ ਕਾਫੀ ਦੇਰ ਤਕ ਨੀਂਦ ਦੀ ਉਡੀਕ ਕਰਦਾ ਹਾਂ ਫਿਰ ਸੌਂ ਜਾਂਦਾ ਹਾਂ।

– ਪ੍ਰਦੀਪ

ਟੀਚਰ : (ਵਿਦਿਆਰਥੀ ਨੂੰ) ਤੁਸੀਂ ਸਾਰੇ ਡ੍ਰਾਇੰਗ ਕਾਪੀ ਤੇ ਟ੍ਰੇਨ ਅਤੇ ਉਸ ਦੀ ਪਟਰੀ ਬਣਾਉ, ਮੈਂ ਹੁਣੇ ਆ ਕੇ ਵੇਖਦਾ ਹਾਂ।



ਟੀਚਰ : (ਥੋੜੀ ਦੇਰ ਬਾਦ) ਮੁਕੇਸ਼ ਤੇਰੀ ਕਾਪੀ ਤੇ ਤਾਂ ਸਿਰਫ ਪਟਰੀ ਹੈ। ਟ੍ਰੇਨ ਕਿਥੇ ਹੈ?

ਮੁਕੇਸ਼ : ਸਰ ਆਪ 5 ਮਿੰਟ ਲੇਟ ਆਏ, ਟ੍ਰੇਨ ਤਾਂ ਛੁੱਟ ਗਈ।

.............

ਟੀਚਰ : 'ਮੂੰਹ ਵਿੱਚ ਪਾਣੀ' ਮੁਹਾਵਰੇ ਨੂੰ ਵਾਕ ਵਿੱਚ ਪ੍ਰਯੋਗ ਕਰੋ।

ਵਿਦਿਆਰਥੀ : ਮੈਂ ਨਲਕੇ ਨੂੰ ਮੂੰਹ ਲਗਾਇਆ ਅਤੇ ਮੇਰੇ ਮੂੰਹ ਵਿੱਚ ਪਾਣੀ ਆ ਗਿਆ।

.............

ਮਿਠਾਈ ਦੀ ਦੁਕਾਨ ਤੇ ਲਿਖਿਆ ਸੀ –

ਇਥੇ ਬਹੁਤ ਸਵਾਦਿਸ਼ਟ ਮਿਠਾਈ ਮਿਲਦੀ ਹੈ।

ਰਵੀ ਨੇ ਉਸ ਦੇ ਅਗੇ ਲਿਖ ਦਿਤਾ –

ਇਸ ਗੱਲ ਦੀ ਗਵਾਹ ਇਥੇ ਭਿੰਨਭਿੰਨਾ ਰਹੀਆਂ ਇਹ ਹਜ਼ਾਰਾਂ ਮੱਖੀਆਂ ਹਨ।

– ਅਮਨ ਕੁਮਾਰ

ਮੋਹਨ : (ਸੋਹਨ ਨੂੰ) ਦਾਲ ਵਿੱਚ ਕਿੰਨੀ ਪ੍ਰੋਟੀਨ ਹੁੰਦੀ ਹੈ।



ਸੋਹਨ : ਇਕ ਮੁਰਗੀ ਦੇ ਬਰਾਬਰ।

ਮੋਹਨ : ਕਿਵੇਂ?

ਸੋਹਨ : ਇਕ ਕਹਾਵਤ ਹੈ ਨਾ! ਘਰ ਦੀ ਮੁਰਗੀ ਦਾਲ ਬਰਾਬਰ।

..............

ਇਕ ਕੰਜੂਸ : (ਦੁਕਾਨਦਾਰ ਨੂੰ) ਭਾਈ ਸਾਹਿਬ! ਮੈਨੂੰ ਅਜਿਹਾ ਸਾਬਣ ਦਿਉ ਜੋ ਬਹੁਤ ਦਿਨਾਂ ਬਾਦ ਘਸੇ ਅਤੇ ਨਹਾਉਣ ਦੇ ਬਾਦ ਮੇਰੇ ਚਿਹਰੇ ਤੇ ਲਾਲੀ ਲਿਆ ਦਏ ਅਤੇ ਹਾਂ ਮਹਿੰਗਾ ਵੀ ਨਾ ਹੋਵੇ।

ਦੁਕਾਨਦਾਰ : (ਨੌਕਰ ਨੂੰ) ਸੜਕ ਤੋਂ ਪੱਥਰ ਦਾ ਟੁਕੜਾ ਲਿਆ ਕੇ ਸਾਹਿਬ ਨੂੰ ਦੇ ਦਿਉ।

..............

ਗਾਹਕ : (ਵੇਟਰ ਨੂੰ) ਅੱਜ ਤਾਂ ਬਹੁਤ ਬੇਕਾਰ ਸਬਜ਼ੀ ਬਣੀ ਹੈ ਪਰਸੋਂ ਤਾਂ ਬਹੁਤ ਚੰਗੀ ਸਬਜ਼ੀ ਬਣੀ ਸੀ।

ਵੇਟਰ : ਅਜਿਹਾ ਨਹੀਂ ਹੋ ਸਕਦਾ।

ਗਾਹਕ : ਕਿਉਂ?

ਵੇਟਰ : ਕਿਉਂਕਿ ਇਹ ਪਰਸੋਂ ਵਾਲੀ ਹੀ ਤਾਂ ਸਬਜ਼ੀ ਹੈ।

– ਦੀਪਕ ਕੁਮਾਰ ਦੀਪ

ਅਧਿਆਪਕ : (ਵਿਦਿਆਰਥੀ ਨੂੰ) ਦੱਸੋ ਕਿਹੜਾ ਅਜਿਹਾ ਪ੍ਰਾਣੀ ਹੈ ਜੋ ਪੇਟ ਦੇ ਭਾਰ ਚਲਦਾ ਹੈ?

ਵਿਦਿਆਰਥੀ : ਜੀ, ਮੇਰਾ ਛੋਟਾ ਭਰਾ ਗੋਲੂ।

..............

ਯੋਗਿਤਾ : (ਅਰਪਿਤ ਨੂੰ) ਇਸ ਟੇਬਲ ਤੇ ਮੇਰੀ ਕਿਤਾਬ ਰੱਖੀ ਸੀ ਕਿਥੇ ਗਈ?

ਅਰਪਿਤਾ : ਉਹੀ ਭੁਗੋਲ ਦੀ ਕਿਤਾਬ, ਜਿਸ ਤੂੰ ਬੜੀ ਖੁਸ਼ਕ ਕਿਤਾਬ ਕਹਿੰਦੀ ਸੀ। ਉਹ ਮੈਂ ਪਾਣੀ ਦੇ ਟੱਬ ਵਿੱਚ ਰੱਖ ਦਿੱਤੀ ਹੈ।

..............

ਬੱਚਾ ਪਸੀਨੇ ਨਾਲ ਭਿੱਜਿਆ ਹੋਇਆ ਪਹੁੰਚਿਆ ਤਾਂ ਕਮਰੇ ਦੇ ਅੰਦਰ ਆਉਣ ਦੀ ਬਜਾਏ ਧੁੱਪ ਵਿੱਚ ਖੜਾ ਹੋ ਗਿਆ ਤਾਂ ਮਾਂ ਨੇ ਪੁੱਛਿਆ –



ਬੇਟਾ, ਤੂੰ ਧੁੱਪ ਵਿੱਚ ਕਿਉਂ ਖੜਾ ਹੈ?

ਬੱਚਾ ਬੋਲਿਆ –

ਮਾਂ ਮੈਂ ਆਪਣਾ ਪਸੀਨਾ ਸੁਕਾ ਰਿਹਾ ਹਾਂ।

– ਮੋਨੀ ਨਿਰੰਕਾਰੀ



ਰਾਜੇਸ਼

# ਪਾਣੀ ਬਚਾਉ, ਜੀਵਨ ਬਚਾਉ



ਗਲੀ ਦੀ ਨੁਕੜ ਤੇ,
ਲੱਗਾ ਹੈ ਨਲਕਾ।
ਪਾਣੀ ਆਇਆ ਕਹਿ ਕੇ,
ਭੀੜ ਦੌੜੀ ਪੈਦਲ।

ਪਾਣੀ ਬਿਨਾ ਆਦਮੀ ਦਾ,
ਸੁੰਨਾ ਹੈ ਜੀਵਨ।
ਜਲ ਅਨਮੋਲ ਹੈ,
ਜਲ ਹੀ ਹੈ ਜੀਵਨ।

ਸਾਗਰ ਦਾ ਪਾਣੀ ਨਹੀਂ,
ਪੀਣ ਦੇ ਕੰਮ ਦਾ।
ਬੱਦਲ ਦਾ ਜਲ ਨਦੀ,
ਝੀਲ ਵਾਲਾ ਕੰਮ ਦਾ।

ਪਾਣੀ ਬਚਾਉ,
ਜੀਵਨ ਬਚਾਉ।
ਵਹਿ ਨਾ ਜਾਏ ਬੂੰਦ-ਬੂੰਦ,
ਪਾਣੀ ਬਚਾਉ।



# ਸਾਧਾਰਨ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਲ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਉਤਰਾਖੰਡ ਰਾਜ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 2) ਭਗਵਾਨ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਬਲਰਾਮ ਦਾ ਕਿਹੜਾ ਅਸਤਰ ਸੀ?

ਪ੍ਰਸ਼ਨ 3) ਅਰਜੁਨ ਤੋਂ ਛੋਟਾ ਅਤੇ ਸਹਿਦੇਵ ਤੋਂ ਵੱਡਾ ਪਾਂਡਵ ਕੌਣ ਸੀ?

ਪ੍ਰਸ਼ਨ 4) ਊਰਜਾ ਦਾ ਮਾਤ੍ਰਿਕ ਕੀ ਹੈ?

ਪ੍ਰਸ਼ਨ 5) ਸੰਦੇਸ਼ ਅਤੇ ਮਿਸ਼ਠੀ ਦੋਈ ਕਿਸ ਰਾਜ ਦੇ ਵਿਅੰਜਨ ਹਨ?

ਪ੍ਰਸ਼ਨ 6) ਆਗਰਾ ਵਿਚ ਸ਼ਾਹਜਹਾਂ ਰਾਹੀਂ ਆਪਣੀ ਪਤਨੀ ਮੁਮਤਾਜ ਦੀ ਯਾਦ ਵਿਚ ਬਣਵਾਏ ਗਏ ਮਕਬਰੇ ਦਾ ਨਾਂ ਕੀ ਹੈ?

ਪ੍ਰਸ਼ਨ 7) ਅਕਬਰ ਨਾਮਕ ਪੁਸਤਕ ਦੇ ਲੇਖਕ ਕੌਣ ਸਨ?

ਪ੍ਰਸ਼ਨ 8) ਕੌਡਾਈ ਝੀਲ ਤਾਮਿਲਨਾਡੂ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 9) ਸੰਨ 2016 ਦੀਆਂ ਉਲੰਪਿਕ ਖੇਡਾਂ ਕਿਸ ਦੇਸ਼ ਵਿਚ ਸਨ?

ਪ੍ਰਸ਼ਨ 10) ਉਤਰਾਖੰਡ ਰਾਜ ਦਾ ਹਾਈਕੋਰਟ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 11) ਮ੍ਰਿਤ ਸਾਗਰ ਜੋਰਡਨ ਕਿਸ ਦੇਸ਼ ਦੀ ਸੀਮਾ ਤੇ ਹੈ?

ਪ੍ਰਸ਼ਨ 12) ਕੋਲਕਾਤਾ ਵਿਚ ਸੰਗਮਰਮਰ ਨਾਲ ਬਣਿਆ ਕਿਹੜਾ ਸਮਾਰਕ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਬਣਾਇਆ ਗਿਆ ਸੀ?

❑ ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ







ਨਹੀਂ, ਨਹੀਂ ਅੱਜ ਮੈਂ ਕੋਈ ਸ਼ਰਾਰਤ ਨਹੀਂ ਕਰਾਂਗੀ। ਚਿੰਟੂ ਨੂੰ ਵੀ ਨਹੀਂ ਸਤਾਊਂਗੀ। ਉਂਝ ਵੀ, ਚਿੰਟੂ ਤਾਂ ਆ ਹੀ ਨਹੀਂ ਰਿਹਾ ਸਾਡੇ ਨਾਲ।
ਮੋਟੂ ਵੀ ਨਹੀਂ। ਚਲੋ ਅਸੀਂ ਦੋਵੇਂ ਹੀ ਚਲਦੇ ਹਾਂ।
ਮੌਲੀ, ਧਿਆਨ ਨਾਲ ਸੁਣ, ਕੁਝ ਅਜਿਹੀਆਂ ਆਵਾਜ਼ਾਂ ਆ ਰਹੀਆਂ ਹਨ ਜਿਵੇਂ ਕੋਈ ਮੁਸੀਬਤ ਵਿੱਚ ਹੈ।


ਇਧਰ ਚਲ ਕੇ ਵੇਖਦੇ ਹਾਂ ਕੁਝ ਨਾ ਕੁਝ ਗੜਬੜ ਤਾਂ ਹੈ। ਉਹ ਵੇਖੋ। ਕਬੂਤਰ ਜਾਲ ਵਿੱਚ ਫਸੇ ਹਨ।
ਹੁਣ ਕੀ ਕਰਾਂਗੇ? ਅੱਜ ਤਾਂ ਚਿੰਟੂ, ਮੋਟੂ ਵੀ ਨਹੀ ਹਨ। ਉਹ ਤਾਂ ਇਸ ਜਾਲ ਨੂੰ ਮਿੰਟਾਂ ਵਿੱਚ ਕੱਟ ਦਿੰਦੇ।
ਕਿੱਟੀ, ਮੈਂ ਸ਼ਿਕਾਰੀ ਦਾ ਧਿਆਨ ਰੱਖਦੀ ਹਾਂ, ਤੂੰ ਛੇਤੀ ਨਾਲ ਚਿੰਟੂ ਨੂੰ ਲੈ ਆ, ਜਾਲ ਕੱਟਣ ਲਈ।


ਚਿੰਟੂ, ਚਿੰਟੂ, ਛੇਤੀ ਚੱਲ, ਤੂੰ ਜਾਲ ਕੱਟਣਾ ਹੈ।
ਕਿੱਟੀ, ਅੱਜ ਮੈਂ ਤੇਰੀਆਂ ਗੱਲਾਂ ਵਿੱਚ ਨਹੀਂ ਆਊਂਗਾ।
ਚਿੰਟੂ ਮੈਂ ਝੂਠ ਨਹੀਂ ਬੋਲ ਰਹੀ, ਤੂੰ ਮੇਰੀ ਪਿੱਠ ਤੇ ਬੈਠ ਅਤੇ ਫਟਾਫਟ ਚਲ।
ਵਾਹ! ਕਿੱਟੀ, ਅੱਜ ਤਾਂ ਤੂੰ ਸਚਮੁਚ ਬਹੁਤ ਚੰਗਾ ਕੰਮ ਕੀਤਾ। ਅੱਜ ਸਾਨੂੰ ਸਾਰਿਆਂ ਨੂੰ ਤੇਰੇ ਤੇ ਮਾਣ ਹੋ ਰਿਹਾ ਹਾਂ।

ਬਾਲ ਕਹਾਣੀ : ਨੀਲਮ 'ਜਿਉਤੀ'

# ਵਰਦਰਾਜ ਦਾ ਕਾਇਆਕਲਪ




ਇ ਬਹੁਤ ਪੁਰਾਣੀ ਗੱਲ ਹੈ। ਇਕ ਗੁਰੂਕੁਲ ਵਿੱਚ ਵਰਦਰਾਜ ਨਾਮ ਦਾ ਇਕ ਬਾਲਕ ਪੜ੍ਹਦਾ ਸੀ। ਉਸ ਦਾ ਮਨ ਪੜ੍ਹਨ ਲਿਖਣ ਵਿੱਚ ਨਹੀਂ ਲੱਗਦਾ ਸੀ। ਸਾਰੇ ਵਿਦਿਆਰਥੀ ਉਸ ਦਾ ਮਜ਼ਾਕ ਉਡਾਉਂਦੇ ਸਨ। ਕੋਈ ਉਸ ਨੂੰ 'ਬੁੱਧੂ' ਕਹਿੰਦਾ ਤਾਂ ਕੋਈ 'ਮੂਰਖਰਾਜ'। ਕੁਝ ਸਹਿਪਾਠੀ ਕਹਿੰਦੇ ਕਿ ਜਦ ਭਗਵਾਨ ਬੁੱਧੀ ਵੰਡ ਰਹੇ ਸਨ ਤਦ ਉਹ ਸੌਂ ਰਿਹਾ ਸੀ। ਉਹਨੂੰ ਖੁਦ ਵੀ ਇਹੀ ਲੱਗਦਾ ਕਿ ਉਹ ਬੁੱਧੂ ਹੈ, ਮੂਰਖ ਹੈ। ਇਸ ਲਈ ਉਹ ਪੜ੍ਹ-ਲਿਖ ਨਹੀਂ ਸਕਦਾ।


ਗੁਰੂ ਜੀ ਉਸ ਨੂੰ ਬਹੁਤ ਸਮਝਾਉਂਦੇ, ਲੇਕਿਨ ਵਰਦਰਾਜ ਦੀ ਸਮਝ ਵਿੱਚ ਕੁਝ ਨਹੀਂ ਆਉਂਦਾ ਸੀ। ਇਕ ਦਿਨ ਗੁਰੂ ਜੀ ਨੇ ਨਿਰਾਸ਼ ਹੋ ਕੇ ਕਿਹਾ- ਬੇਟੇ ਵਰਦਰਾਜ! ਪੜ੍ਹਨਾ-ਲਿਖਣਾ ਤੇਰੇ ਵੱਸ ਦੀ ਗੱਲ ਨਹੀਂ। ਲੱਗਦਾ ਹੈ ਈਸ਼ਵਰ ਨੇ ਤੇਰੇ ਭਾਗਾਂ ਵਿੱਚ ਵਿਦਿਆ ਲਿਖੀ ਹੀ ਨਹੀਂ ਹੈ।ਇਸ ਤੋਂ ਤਾਂ ਇਹੀ ਚੰਗਾ ਹੈ ਕਿ ਤੂੰ ਆਪਣੇ ਪਿੰਡ ਵਾਪਿਸ ਜਾ। ਉਥੇ ਆਪਣੇ ਪਿਤਾ ਦੇ ਕੰਮ ਵਿੱਚ ਹੱਥ ਵੰਡਾ।

ਗੁਰੂ ਜੀ ਦੀ ਗੱਲ ਸੁਣ ਕੇ ਵਰਦਰਾਜ ਨੂੰ ਬੜਾ ਦੁੱਖ ਹੋਇਆ। ਉਹ ਆਪਣੇ ਸਾਥੀਆਂ ਤੋਂ ਵਿਦਾਈ ਲੈ ਕੇ ਅਤੇ ਗੁਰੂ ਜੀ ਦੇ ਪੈਰ ਛੂਹ ਕੇ ਆਪਣੇ ਘਰ ਵੱਲ ਤੁਰ ਪਿਆ। ਚਲਦੇ-ਚਲਦੇ ਉਹ ਥੱਕ ਗਿਆ। ਉਹਨੂੰ ਭੁੱਖ ਵੀ ਸਤਾਉਣ ਲੱਗੀ। ਰਾਹ ਵਿੱਚ ਖਾਣ ਲਈ ਗੁਰੂ ਜੀ ਨੇ ਉਸ ਨੂੰ ਥੋੜਾ ਜਿਹਾ ਸੱਤੂ ਦਿੱਤਾ ਸੀ। ਉਹਨੂੰ ਉਸ ਸੱਤੂ ਦੀ ਯਾਦ ਆਈ। ਉਸ ਨੇ ਆਪਣੇ ਥੈਲੇ ਵਿਚੋਂ ਸੱਤੂ ਕੱਢਿਆ ਅਤੇ ਇਕ ਪਾਸੇ ਬੈਠ ਕੇ ਖਾਣ ਲੱਗਾ। ਕੁਝ ਦੂਰੀ ਤੇ ਇਕ ਇਸਤਰੀ ਖੂਹ ਵਿਚੋਂ ਪਾਣੀ ਭਰ ਰਹੀ ਸੀ। ਉਹ ਪਾਣੀ ਪੀਣ ਉਥੇ ਪਹੁੰਚਾ।

ਉਸ ਨੇ ਇਸਤਰੀ ਤੋਂ ਪੀਣ ਲਈ ਪਾਣੀ ਮੰਗਿਆ। ਜਦ ਇਸਤਰੀ ਰੱਸੀ ਨਾਲ ਪਾਣੀ ਖਿਚ ਰਹੀ ਸੀ ਤਾਂ ਅਚਾਨਕ ਉਸ ਦਾ ਧਿਆਨ ਖੂਹ ਦੇ ਬਨੇਰੇ ਤੇ ਪਏ ਖੱਡਿਆਂ ਵੱਲ ਗਿਆ। ਉਹ ਇਸਤਰੀ ਨੂੰ ਬੋਲਿਆ- ਘੜੇ ਰੱਖਣ ਲਈ ਆਪ ਨੇ ਕਿੰਨੇ ਚੰਗੇ ਖੱਡੇ ਬਣਾਏ ਹਨ।



ਉਸ ਦੀਆਂ ਭੋਲੀਆਂ ਗੱਲਾਂ ਸੁਣ ਕੇ ਇਸਤਰੀ ਨੇ ਉਸ ਨੂੰ ਸਮਝਾਇਆ ਕਿ ਇਹ ਖੱਡੇ ਵਾਰ-ਵਾਰ ਘੜਿਆਂ ਨੂੰ ਰੱਖਣ ਨਾਲ ਆਪਣੇ ਆਪ ਬਣ ਗਏ ਹਨ। ਕਿਸੇ ਨੇ ਇਹਨਾਂ ਨੂੰ ਨਹੀਂ ਬਣਾਇਆ ਹੈ। ਵਰਦਰਾਜ ਦੀ ਹੈਰਾਨੀ ਦਾ ਟਿਕਾਣਾ ਨਹੀਂ ਰਿਹਾ। ਉਸ ਨੇ ਪੁੱਛਿਆ ਕਿ ਸਚਮੁੱਚ ਹੀ ਇਹ ਖੱਡੇ ਆਪਣੇ-ਆਪ ਬਣੇ ਹਨ ਕੀ ਮਿੱਟੀ ਦੇ ਘੜਿਆਂ ਵਿੱਚ ਐਨੀ ਤਾਕਤ ਹੈ ਕਿ ਉਹ ਪੱਥਰ ਨੂੰ ਵੀ ਘਿਸ ਦੇਣ?



ਇਸਤਰੀ ਨੇ ਉਸ ਨੂੰ ਸਮਝਾਇਆ- ਹਾਂ ਬੇਟਾ, ਇਹ ਵੇਖ ਖੂਹ ਦੇ ਬਨੇਰੇ ਤੇ ਰੱਸੀ ਨੇ ਵੀ ਘਿਸ-ਘਿਸ ਕੇ ਨਿਸ਼ਾਨ ਬਣਾ ਦਿੱਤੇ ਹਨ।

ਵਰਦਰਾਜ ਨੇ ਮਨ ਵਿੱਚ ਸੋਚਿਆ ਕਿ 'ਜਦ ਮਿੱਟੀ ਦੇ ਘੜਿਆਂ ਅਤੇ ਕੋਮਲ ਰੱਸੀ ਨਾਲ ਪੱਥਰ ਘਿਸ ਸਕਦਾ ਹੈ ਤਾਂ ਵਾਰ-ਵਾਰ ਅਭਿਆਸ ਕਰਨ ਨਾਲ ਕੀ ਮੈਂ ਵਿਦਿਆ ਪ੍ਰਾਪਤੀ ਨਹੀਂ ਕਰ ਸਕਦਾ।'

ਮਨ ਵਿੱਚ ਇਹ ਗੱਲ ਆਉਂਦੇ ਹੀ ਉਸ ਦੀ ਨਿਰਾਸ਼ਾ ਅਤੇ ਦੁੱਖ ਦੂਰ ਹੋ ਗਿਆ। ਉਸ ਨੇ ਮਨ ਵਿੱਚ ਠਾਨ ਲਿਆ। ਮੈਂ ਖੂਬ ਮਿਹਨਤ ਕਰਾਂਗਾ। ਵਾਰ-ਵਾਰ ਅਭਿਆਸ ਕਰਾਂਗਾ।

ਉਹ ਗੁਰੂਕੁਲ ਵਾਪਸ ਆਇਆ। ਗੁਰੂ ਜੀ ਨੂੰ ਪ੍ਰਣਾਮ ਕਰਕੇ ਉਸ ਨੇ ਆਪਣੇ ਮਨ ਦੀ ਗੱਲ ਦੱਸੀ। ਸਾਰੀ ਗੱਲ ਸੁਣ ਕੇ ਗੁਰੂ ਜੀ ਖੁਸ਼ ਹੋ ਗਏ। ਗੁਰੂ ਜੀ ਨੇ ਉਸ ਨੂੰ ਫਿਰ ਪੜ੍ਹਾਉਣਾ ਸ਼ੁਰੂ ਕੀਤਾ। ਵਰਦਰਾਜ ਖ਼ੂਬ ਮਨ ਲਗਾ ਕੇ ਪੜ੍ਹਨ ਲੱਗਾ। ਉਹ ਅਭਿਆਸ ਦੇ ਮਹੱਤਵ ਨੂੰ ਸਮਝ ਚੁੱਕਾ ਸੀ। ਖੂਹ ਦੀ ਘਟਨਾ ਨੇ ਉਸ ਦਾ ਕਾਇਆਪਲਟ ਕਰ ਦਿੱਤਾ ਸੀ।

ਬੱਚਿਓ! ਵੱਡਾ ਹੋ ਕੇ ਇਹ ਬਾਲਕ ਵਰਦਰਾਜ ਹੀ ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਬਣੇ। ਇਹਨਾਂ ਦੀ ਪ੍ਰਸਿੱਧੀ ਸਾਰੇ ਭਾਰਤ ਵਿੱਚ ਫੈਲ ਗਈ। ਇਹਨਾਂ ਨੇ ਸੰਸਕ੍ਰਿਤ ਭਾਸ਼ਾ ਦਾ ਵਿਆਕਰਣ ਲਿਖਿਆ।

### *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ*

*1) ਉਤਰਾਂਚਲ 2) ਹਲ 3) ਨਕੁਲ 4) ਜੂਲ*
*5) ਪੱਛਮੀ ਬੰਗਾਲ 6) ਤਾਜਮਹਿਲ 7) ਅਬੁਲ ਫਜਲ*
*8) ਕੋਡਾਈਕਨਾਲ 9) ਬ੍ਰਾਜ਼ੀਲ 10) ਨੈਨੀਤਾਲ*
*11) ਇਜਰਾਈਲ 12) ਵਿਕਟੋਰੀਆ ਮੈਮੋਰੀਅਲ*

ਪ੍ਰਿਤਪਾਲ ਸਾਦਿਕ

# ਮਨ ਦੇ ਚੰਗੇ ਹੁੰਦੇ ਬੱਚੇ

ਦਿਲ ਤੋਂ ਕੋਮਲ ਹੁੰਦੇ ਬੱਚੇ,
ਕਰਮ ਤੋਂ ਨਿਰਮਲ ਹੁੰਦੇ ਬੱਚੇ।
ਪਿਤਾ ਦੀਆਂ ਅੱਖਾਂ ਦੇ ਤਾਰੇ,
ਮਾਂ ਦਾ ਬਣਨ ਸਹਾਰਾ ਬੱਚੇ।

ਮਿਲਜੁਲ ਕੇ ਹਨ ਰਹਿੰਦੇ ਬੱਚੇ,
ਕਿਸੇ ਨੂੰ ਕੁਝ ਨਾ ਕਹਿੰਦੇ ਬੱਚੇ।
ਆਪਣੇ ਵਿਚ ਹੀ ਰਹਿਣ ਮਗਨ ਇਹ,
ਸੁਖ-ਦੁਖ ਮਿਲਜੁਲ ਸਹਿੰਦੇ ਬੱਚੇ।

ਦਿਲ ਇਹਨਾਂ ਦਾ ਨਿਰਮਲ ਹੁੰਦਾ,
ਰੂਈ ਦੇ ਵਾਂਗੂੰ ਕੋਮਲ ਹੁੰਦਾ।
ਭੇਦ ਭਾਵ ਇਹ ਕਦੇ ਨਾ ਮੰਨਦੇ,
ਸਭ ਨਾਲ ਹਿਲ-ਮਿਲ ਰਹਿੰਦੇ ਬੱਚੇ

ਮਨ ਦੇ ਚੰਗੇ ਹੁੰਦੇ ਬੱਚੇ,
ਧੁਨ ਦੇ ਪੱਕੇ ਹੁੰਦੇ ਬੱਚੇ।
ਦ੍ਰਿੜ-ਸੰਕਲਪ, ਇਰਾਦੇ ਪੱਕੇ,
ਭਵਿੱਖ ਦੇਸ਼ ਦਾ ਹੁੰਦੇ ਬੱਚੇ।





# ਕੀ ਤੁਸੀਂ ਜਾਣਦੇ ਹੋ



- ਰਾਵਣ ਨੇ ਲੰਕਾ ਵਿਚ ਸੀਤਾ ਨੂੰ ਅਸ਼ੋਕ ਵਾਟਿਕਾ ਵਿਚ ਬੰਧਕ ਬਣਾ ਕੇ ਰੱਖਿਆ ਸੀ।
- ਭਾਰਤ ਦਾ ਸਭ ਤੋਂ ਉੱਚਾ ਬੰਨ ਭਾਖੜਾ ਨੰਗਲ ਹੈ।
- ਬਾਬਾ ਅਵਤਾਰ ਸਿੰਘ ਜੀ ਨੂੰ ਯੁਗਪੁਰਸ਼ ਅਤੇ ਸ਼ਹਿਨਸ਼ਾਹ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।
- ਸੁਆਮੀ ਦਯਾਨੰਦ ਸਰਸਵਤੀ ਨੇ ਆਰੀਆ ਸਮਾਜ ਦੀ ਸਥਾਪਨਾ ਕੀਤੀ ਸੀ।
- ਭਾਰਤ ਦੇ ਪਹਿਲੇ ਵਿਗਿਆਨਕ ਰਾਸ਼ਟਰਪਤੀ ਏ.ਪੀ.ਜੇ ਅਬਦੁਲ ਕਲਾਮ ਸਨ।
- ਸੰਨ 1962 ਵਿਚ ਚੀਨ ਨੇ ਭਾਰਤ ਤੇ ਹਮਲਾ ਕੀਤਾ ਸੀ।
- ਅਰਜੁਨ ਦੇ ਧਨੁਸ਼ ਦਾ ਨਾਂ ਗਾਂਡੀਵ ਸੀ।
- ਜੁਲਾਈ 2011 ਵਿਚ ਪੰਜਾਬ ਦੇ ਪਠਾਨਕੋਟ ਅਤੇ ਫਾਜਿਲਕਾ ਦੋ ਨਵੇਂ ਜਿਲੇ ਬਣਾਏ ਗਏ।
- ਭਾਰਤ ਦੇ ਗਵਾਂਢੀ ਬੰਗਲਾਦੇਸ਼ ਦੀ ਪ੍ਰਧਾਨਮੰਤਰੀ ਦਾ ਨਾਮ ਸ਼ੇਖ ਹਸੀਨਾ ਹੈ।
- ਅਮਰੀਕਾ ਦੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦਾ ਵਾਕ 'ਜਨਤਾ ਕੀ ਸਰਕਾਰ, ਜਨਤਾ ਕੇ ਦੁਆਰਾ, ਜਨਤਾ ਕੇ ਲੀਏ' ਅੱਜ ਵੀ ਆਦਰਸ਼ ਲੋਕਤੰਤਰ ਦਾ ਸੂਤਰ ਹੈ।
- ਜਨਵਰੀ ਮਹੀਨੇ ਦੀ 26 ਤਰੀਕ ਨੂੰ 'ਗਣਤੰਤਰ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।
- ਭਾਰਤ ਵਿਚ ਬਾਲ ਸੰਗਤਾਂ ਦਾ ਕੰਟਰੋਲ ਚੰਡੀਗੜ ਤੋਂ ਹੁੰਦਾ ਹੈ।
- ਪੁਰਾਣਾਂ ਦੀ ਗਿਣਤੀ ਅਠਾਰ੍ਹਾਂ ਹੈ।
- ਪੁਲਾੜ ਵਿਚ ਜਾਣ ਵਾਲਾ ਪਹਿਲਾ ਵਿਅਕਤੀ ਯੂਰੀ ਗਾਗਰਿਨ (ਰੂਸ) ਸੀ।
- ਚੰਦਰਮਾ ਤੇ ਪੈਰ ਰੱਖਣ ਵਾਲਾ ਪਹਿਲਾ ਵਿਅਕਤੀ ਨੀਲ.ਏ. ਆਰਮਸਟ੍ਰਾਂਗ ਸੀ।
- ਪੁਲਾੜ ਵਿਚ ਜਾਣ ਵਾਲੀ ਪਹਿਲੀ ਮਹਿਲਾ ਵੈਲੇਂਟੀਨਾ ਤੇਰੇਸ਼ਕੋਵਾ ਸੀ।
- ਪੁਲਾੜ ਵਿਚ ਜਾਣ ਵਾਲਾ ਪਹਿਲਾ ਭਾਰਤੀ ਰਾਕੇਸ਼ ਸ਼ਰਮਾ ਸੀ।
- ਪੁਲਾੜ ਵਿਚ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ ਕਲਪਨਾ ਚਾਵਲਾ ਸੀ।
- ਪੁਲਾੜ ਵਿਚ ਪਹਿਲੀ ਵਾਰ ਜਾਣ ਵਾਲਾ ਜਾਨਵਰ ਲਾਇਕਾ ਨਾਮ ਦੀ ਕੁੱਤੀ ਸੀ।
- ਪਹਿਲੇ ਭਾਰਤੀ ਉਪਗ੍ਰਹਿ ਦਾ ਨਾਮ ਆਰੀਆ ਭੱਟ ਹੈ।

ਸੰਗ੍ਰਹਿਕਰਤਾ - ਕਿਰਣ ਬਾਲਾ



❐ ਲਲਿਤ ਮੋਹਨ

# ਲੰਗੜਾ ਸਿਪਾਹੀ

ਰਮਨ ਦੀ ਉਮਰ ਅੱਠ ਸਾਲ ਸੀ। ਉਹ ਚੌਥੀ ਕਲਾਸ ਵਿੱਚ ਪੜਦਾ ਸੀ। ਇਕ ਦਿਨ ਰਮਨ ਘਰ ਦੇ ਕੋਲ ਖੇਡ ਰਿਹਾ ਸੀ। ਉਹ ਅਚਾਨਕ ਫਿਸਲ ਗਿਆ ਜਿਸ ਨਾਲ ਉਸ ਦੇ ਪੈਰ ਵਿੱਚ ਚੋਟ ਆ ਗਈ। ਉਹ ਜ਼ੋਰ-ਜ਼ੋਰ ਨਾਲ ਰੋਣ ਲੱਗਾ।

''ਰਮਨ ਕੀ ਹੋ ਗਿਆ? ਕਿਉਂ ਰੋ ਰਿਹਾ ਹੈ?'' ਰਮਨ ਦੀ ਦਾਦੀ ਨੇ ਰੋਂਦੇ ਹੋਏ ਰਮਨ ਤੋਂ ਪੁੱਛਿਆ।

ਦਾਦੀ ਮੈਂ ਫਿਸਲ ਗਿਆ। ਮੇਰੇ ਪੈਰ ਵਿੱਚ ਚੋਟ ਆ ਗਈ ਹੈ।'' ਰਮਨ ਨੇ ਰੋਂਦੇ ਹੋਏ ਕਿਹਾ।

ਦਾਦੀ ਤੇਜ਼ੀ ਨਾਲ ਰਮਨ ਦੇ ਕੋਲ ਆਈ। ''ਵਿਖਾ ਕਿੱਥੇ ਆਈ ਹੈ ਸੱਟ?'' ਦਾਦੀ ਨੇ ਕਿਹਾ।

ਰਮਨ ਨੇ ਆਪਣਾ ਪੈਰ ਵਿਖਾਇਆ। ''ਦਾਦੀ ਬਹੁਤ ਦਰਦ ਹੋ ਰਿਹਾ ਹੈ।'' ਉਹ ਬੋਲਿਆ।

ਰਮਨ ਦਾ ਪੈਰ ਹਲਕਾ-ਜਿਹਾ ਛਿਲ ਗਿਆ ਸੀ। ਕੋਈ ਗੰਭੀਰ ਸੱਟ ਨਹੀਂ ਸੀ। ''ਬਸ ਐਨੀ ਜਿਹੀ ਸੱਟ ਵਿੱਚ ਆਸਮਾਨ ਸਿਰ ਤੇ ਚੁੱਕ ਲਿਆ। ਸੋਚ ਉਸ ਲੰਗੜੇ ਸਿਪਾਹੀ ਨੇ ਕਿਵੇਂ ਚੋਰਾਂ ਦੇ ਛੱਕੇ ਛੁੜਾ ਦਿੱਤੇ ਹੋਣਗੇ।'' ਦਾਦੀ ਨੇ ਕਿਹਾ।

''ਕੌਣ ਲੰਗੜਾ ਸਿਪਾਹੀ? ਤੁਸੀਂ ਕਿਸ ਲੰਗੜੇ ਸਿਪਾਹੀ ਦੀ ਗੱਲ ਕਰ ਰਹੀ ਹੋ ਦਾਦੀ ਜੀ।'' ਰਮਨ ਨੇ ਹੈਰਾਨੀ ਨਾਲ ਪੁੱਛਿਆ। ਉਹ ਆਪਣਾ ਦਰਦ ਭੁੱਲ ਚੁੱਕਾ ਸੀ।

''ਕੀ ਤੂੰ ਲੰਗੜੇ ਸਿਪਾਹੀ ਦੀ ਬਹਾਦੁਰੀ ਦੀ ਕਹਾਣੀ ਨਹੀਂ ਸੁਣੀ?'' ਦਾਦੀ ਨੇ ਕਿਹਾ।

''ਨਹੀਂ ਦਾਦੀ। ਪਲੀਜ ਸੁਣਾਓ ਨਾ।'' ਰਮਨ ਨੇ ਕਿਹਾ।

''ਹੁਣ ਨਹੀਂ ਸ਼ਾਮ ਨੂੰ ਸੁਣਾਵਾਂਗੀ।'' ਦਾਦੀ ਨੇ ਕਿਹਾ।

''ਠੀਕ ਹੈ ਦਾਦੀ ਸ਼ਾਮ ਨੂੰ ਜ਼ਰੂਰ ਸੁਣਾਗਾ।'' ਰਮਨ ਨੇ ਕਿਹਾ।

ਹੁਣ ਦਾਦੀ ਘਰ ਦੇ ਕੰਮਾਂ ਵਿੱਚ ਲੱਗ ਗਈ। ਰਮਨ ਵੀ ਖੇਡਣ ਲੱਗ ਗਿਆ। ਸ਼ਾਮ ਨੂੰ ਖਾਣਾ ਖਾਣ ਦੇ ਬਾਅਦ ਰਮਨ ਦਾਦੀ ਦੇ ਕਮਰੇ ਵਿੱਚ ਆ ਗਿਆ।

''ਤੁਹਾਨੂੰ ਦਿਨ ਦਾ ਪ੍ਰਾਮਿਸ ਯਾਦ ਹੈ ਨਾ ਦਾਦੀ। ਲੰਗੜੇ ਸਿਪਾਹੀ ਦੀ ਕਹਾਣੀ ਸੁਣਾਉਣੀ ਹੈ ਤੁਸੀਂ।'' ਰਮਨ ਬੋਲਿਆ।

''ਠੀਕ ਹੈ, ਠੀਕ ਹੈ। ਯਾਦ ਹੈ ਮੈਂਨੂੰ।'' ਦਾਦੀ ਨੇ ਕਿਹਾ।

ਰਮਨ ਧਿਆਨ ਨਾਲ ਸੁਣਨ ਲੱਗਾ।

ਇਕ ਵਾਰ ਇਕ ਪਿੰਡ ਵਿੱਚ ਚੋਰ ਆ ਗਏ ਸਨ। ਇਹੀ ਕੋਈ ਚਾਰ-ਪੰਜ ਚੋਰ ਹੋਣਗੇ। ਉਨ੍ਹਾਂ ਨੇ ਪਿੰਡ ਦੇ ਕਈ ਘਰਾਂ ਨੂੰ ਲੁੱਟ ਲਿਆ ਸੀ। ਉਹ ਇਕ ਹੀ ਰਾਤ ਵਿੱਚ ਪੰਜ-ਛੇ ਘਰਾਂ ਵਿੱਚ ਗਏ ਸਨ। ਪਿੰਡ ਵਾਲੇ ਗਿਣਤੀ ਵਿੱਚ ਜ਼ਿਆਦਾ ਚੋਰ ਹੋਣ ਤੇ ਡਰ ਦੇ ਮਾਰੇ ਘਰਾਂ ਤੋਂ ਬਾਹਰ ਨਹੀਂ ਨਿਕਲ ਪਾਏ।ਜਿਸ ਨਾਲ ਚੋਰਾਂ ਦੇ ਹੌਂਸਲੇ ਬਹੁਤ ਵੱਧ ਚੁੱਕੇ ਸਨ। ਚੋਰ ਪਿੰਡ ਵਿਚੋਂ ਨਿਕਲਣ ਤੋਂ ਪਹਿਲਾਂ ਲੰਗੜੇ ਸਿਪਾਹੀ ਦੇ ਘਰ ਦੇ ਅੰਦਰ ਜਾਣ ਲੱਗੇ। ਪਹਿਲੇ ਤੋਂ ਤਿਆਰ ਸਿਪਾਹੀ ਨੇ ਚੋਰਾਂ ਤੇ ਤਾਬੜਤੋੜ ਹਮਲਾ ਕਰ ਦਿੱਤਾ। ਉਸ ਦੇ ਕੋਲ ਮੋਟਾ ਡੰਡਾ ਸੀ। ਅਚਾਨਕ ਹੋਏ ਹਮਲੇ ਨਾਲ ਚੋਰ ਘਬਰਾ ਗਏ। ਉਨ੍ਹਾਂ ਵਿੱਚੋਂ ਇਕ ਚੋਰ ਦੇ ਹੱਥ ਵਿੱਚ ਬੰਦੂਕ ਵੀ ਸੀ। ਜੋ ਡੰਡਾ ਲੱਗਣ ਨਾਲ ਹੇਠਾਂ ਫਰਸ਼ ਤੇ ਡਿੱਗ ਗਈ। ਸਿਪਾਹੀ ਨੇ ਬੰਦੂਕ ਚੁੱਕੀ ਅਤੇ ਹਵਾ ਵਿੱਚ ਫਾਇਰ ਕਰ ਦਿੱਤਾ। ਜਿਸ ਨਾਲ ਸਾਰੇ ਚੋਰ ਡਰ ਕੇ ਭੱਜਣ ਲੱਗੇ। ਉੱਦੋਂ ਤੱਕ ਪਿੰਡ ਵਾਲੇ ਵੀ ਉਥੇ ਆ ਗਏ ਸਨ। ਸਾਰਿਆਂ ਨੇ ਲੰਗੜੇ ਸਿਪਾਹੀ ਦੀ ਖ਼ੂਬ ਤਾਰੀਫ਼ ਕੀਤੀ।'' ਦਾਦੀ ਨੇ ਕਹਾਣੀ ਸੁਣਾਉਂਦੇ ਹੋਏ ਕਿਹਾ।

''ਦਾਦੀ, ਸਿਪਾਹੀ ਲੰਗੜਾ ਕਿਵੇਂ ਹੋਇਆ। ਕੀ ਉਸ ਨੇ ਉਸ ਘਟਨਾ ਦੇ ਬਾਅਦ ਪਿੰਡ ਵਾਲਿਆਂ ਨੂੰ ਕੁਝ ਕਿਹਾ?'' ਰਮਨ ਨੇ ਪੁੱਛਿਆ।

''ਬੇਟਾ, ਸਿਪਾਹੀ ਯੁੱਧ ਦੇ ਮੈਦਾਨ ਵਿੱਚ ਗੋਲੀ ਲੱਗਣ ਨਾਲ ਲੰਗੜਾ ਹੋ ਗਿਆ ਸੀ। ਉਹ ਬਹੁਤ ਬਹਾਦੁਰ ਸੀ। ਉਸ ਨੇ ਪਿੰਡ ਵਾਲਿਆਂ ਨੂੰ ਕਿਹਾ- ਤੁਸੀਂ ਸਭ ਐਨੇ ਹੋ ਕੇ ਵੀ ਥੋੜੇ ਜਿਹੇ ਚੋਰਾਂ ਦਾ ਸਾਹਮਣਾ ਨਹੀਂ ਕਰ ਪਾਏ। ਕਾਇਰ ਹੋਣਾ ਚੰਗੀ ਗੱਲ ਨਹੀਂ। ਸਾਨੂੰ ਆਪਣੇ ਅੰਦਰ ਸਾਹਸ ਪੈਦਾ ਕਰਨਾ ਹੋਵੇਗਾ, ਤਾਂਹੀ ਅਸੀਂ ਚੋਰਾਂ ਦਾ ਸਾਹਮਣਾ ਕਰ ਸਕਾਂਗੇ। ਉਦੋਂ ਤੋਂ ਉਸ ਪਿੰਡ ਦੇ ਸਾਰੇ ਲੋਕ ਕਿਸੇ ਵੀ ਮੁਸੀਬਤ ਦਾ ਡੱਟ ਕੇ ਸਾਹਮਣਾ ਕਰਨ ਲੱਗੇ। ਫਿਰ ਉਥੇ ਕਦੇ ਚੋਰੀ ਨਹੀਂ ਹੋਈ।'' ਦਾਦੀ ਨੇ ਦੱਸਿਆ।

''ਮੈਂ ਵੀ ਸਾਹਸੀ ਬਣਾਗਾਂ।'' ਰਮਨ ਨੇ ਜੋਸ਼ ਵਿੱਚ ਆ ਕੇ ਕਿਹਾ।



''ਤਾਂਹੀ ਤਾਂ ਸੁਣਾਈ ਤੈਨੂੰ ਇਹ ਕਹਾਣੀ ਤਾਂਕਿ ਤੂੰ ਅਗਲੀ ਵਾਰ ਥੋੜੀ-ਜਿਹੀ ਖਰੋਂਚ ਲੱਗਣ ਤੇ ਦਹਾੜੇ ਮਾਰ ਕੇ ਨਾ ਰੋਣ ਲੱਗ ਜਾਵੇ।'' ਦਾਦੀ ਨੇ ਹੱਸਦੇ ਹੋਏ ਕਿਹਾ।

''ਜ਼ਰੂਰ ਦਾਦੀ, ਹੁਣ ਤੋਂ ਅਜਿਹਾ ਕਦੇ ਨਹੀਂ ਹੋਵੇਗਾ।'' ਰਮਨ ਨੇ ਕਿਹਾ।

ਲੰਗੜੇ ਸਿਪਾਹੀ ਦੀ ਕਹਾਣੀ ਸੁਣ ਕੇ ਰਮਨ ਦੇ ਅੰਦਰ ਗਜਬ ਦਾ ਸਾਹਸ ਪੈਦਾ ਹੋ ਗਿਆ ਸੀ। ਹੁਣ ਉਸ ਨੂੰ ਨੀਂਦ ਵੀ ਆ ਰਹੀ ਸੀ। ਉਹ ਦਾਦੀ ਨੂੰ 'ਗੁਡ ਨਾਈਟ' ਬੋਲ ਕੇ ਆਪਣੇ ਕਮਰੇ ਵਿੱਚ ਚਲਾ ਗਿਆ।

❑ ਦੀਪਾਂਸ਼ੂ ਜੈਨ

## ਫੁਰਤੀਲਾ ਅਤੇ ਜਿਗਿਆਸੂ:

# ਊਦਬਿਲਾਵ

ਊਦਬਿਲਾਵ ਦਾ ਨਾਮ ਲੈਂਦੇ ਹੀ ਇਕ ਅਜਿਹੇ ਪ੍ਰਾਣੀ ਦੀ ਤਸਵੀਰ ਸਾਹਮਣੇ ਆਉਂਦੀ ਹੈ, ਜੋ ਪਾਣੀ ਅਤੇ ਜ਼ਮੀਨ ਦੋਵਾਂ ਤੇ ਰਹਿੰਦਾ ਹੈ ਅਤੇ ਜਿਸ ਦਾ ਰੰਗ ਰੂਪ ਬਿੱਲੀ ਨਾਲ ਮਿਲਦਾ-ਜੁਲਦਾ ਹੈ। ਸਹੀ ਅਰਥਾਂ ਵਿੱਚ ਊਦਬਿਲਾਵ ਪਾਣੀ ਦੀ ਬਿੱਲੀ ਹੀ ਹੈ। ਇਸ ਪਾਣੀ ਦੀ ਬਿੱਲੀ ਦੇ ਕਰਤਬ ਵੀ ਬੜੇ ਨਿਰਾਲੇ ਹਨ। ਖੇਡਣ ਤੇ ਆ ਜਾਏ ਤਾਂ ਵੇਖਣ ਵਾਲੇ ਦੰਦਾਂ ਹੇਠਾਂ ਉਂਗਲੀ ਲੈ ਲੈਣ। ਨਵੀਆਂ-ਨਵੀਆਂ ਚਾਲਾਂ ਅਤੇ ਕਲਾਬਾਜ਼ੀਆਂ ਦੇ ਵੱਖ-ਵੱਖ ਤਰੀਕੇ ਜਿਸ ਖੂਬੀ ਨਾਲ ਸਿੱਖ ਲੈਂਦਾ ਹੈ। ਉਸ ਦੀ ਵਜ੍ਹਾ ਨਾਲ ਇਸਦੀ ਬੁਧੀਮਤਾ ਦਾ ਲੋਹਾ ਮੰਨਣਾ ਪੈਂਦਾ ਹੈ। ਇਧਰ ਉਸ ਨੇ ਕੋਈ ਨਵੀਂ ਚੀਜ਼ ਵੇਖੀ ਨਹੀਂ ਕਿ ਉਹ ਉਸ ਦੀ ਹੂ-ਬ-ਹੂ ਨਕਲ ਕਰਨ ਦੀ ਯੋਗਤਾ ਰੱਖਦਾ ਹੈ।

ਇਸ ਊਦਬਿਲਾਵ ਨੂੰ ਪਾਲਣ ਦੀ ਕੋਸ਼ਿਸ਼ ਤਾਂ ਕਈਆਂ ਨੇ ਕੀਤੀ ਪਰ ਜਿਸ ਸਖਸ਼ ਨੇ ਸਭ ਤੋਂ ਪਹਿਲਾਂ ਇਸ ਜੀਵ ਨੂੰ ਪਾਲਣ ਵਿੱਚ ਸਫਲਤਾ ਪਾਈ, ਉਹ ਏਮਿਲ ਲਾਯਰਸ ਸੀ। ਇਸ ਸੰਬੰਧ ਵਿੱਚ ਉਸ ਦੇ ਅਨੁਭਵਾਂ ਦਾ ਬਹੁਤ ਸਾਰਾ ਖਜਾਨਾ ਜਮਾ ਹੋ ਚੁੱਕਾ ਹੈ। ਉਸ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਹੈ ਕਿ 'ਇਕ ਵਾਰ ਬਾਰਾਂ ਸਾਲਾ ਮਾਦਾ ਊਦਬਿਲਾਵ ਆਪਣੇ ਤਿੰਨ ਬੱਚਿਆਂ ਨਾਲ ਗਵਾਂਢ ਦੇ ਘਰ ਵਿੱਚ ਜਾ ਵੜੀ ਅਤੇ ਪੌੜੀਆਂ ਚੜ ਕੇ ਸਿੱਧੇ ਬਾਥਰੂਮ ਵਿੱਚ ਚਲੀ ਗਈ। ਉਥੇ ਉਹ ਆਰਾਮ ਨਾਲ ਨਹਾਉਂਦੀ ਰਹੀ ਅਤੇ ਫਿਰ ਰੇਂਗਦੇ ਹੋਏ ਗਵਾਂਢੀ ਦੇ ਬਿਸਤਰ ਤੇ ਜਾ ਲੇਟੀ।

ਊਦ ਦੀ ਤਬੀਅਤ ਬੇਹੱਦ ਰੰਗੀਨ ਹੁੰਦੀ ਹੈ। ਮਜਾਕ ਉਹ ਇੰਝ ਕਰ ਸਕਦਾ ਹੈ, ਜਿਸ ਤਰ੍ਹਾਂ ਮਾਨਵ ਮਜ਼ਾਕ ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਖੋਜ ਨਵੀਂ ਹੈ ਅਤੇ ਇਸਦੇ ਖੋਜਕਰਤਾ ਹਨ, ਪ੍ਰਸਿੱਧ ਲੇਖਕ ਗੈਬਿਨ ਮੈਕਸਵੇਲ। ਇਸ ਤੋਂ ਪਹਿਲਾਂ ਉਹ ਊਦ ਦੇ ਬਾਰੇ ਵਿੱਚ ਦੋ ਦਿਲਚਸਪ ਕਿਤਾਬਾਂ ਲਿਖ ਚੁੱਕੇ ਹਨ, ਜੋ ਕਿ ਆਪਣੇ ਵਿਸ਼ੇ ਅਤੇ ਵਿਲੱਖਣ ਅਨੁਭਵ ਸਮੱਗਰੀ ਦੇ ਕਾਰਣ ਦੁਨੀਆਭਰ ਵਿੱਚ ਚਰਚਿਤ ਹੋਈਆਂ ਹਨ। ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਊਦ ਠੀਕ ਆਦਮੀ ਦੀ ਤਰ੍ਹਾਂ ਹੱਸਦਾ ਹੈ। ਉਸ ਦੇ ਹੱਸਣ ਦੀ ਪ੍ਰਕ੍ਰਿਆ ਵੀ ਖਾਸੀ ਦਿਲਚਸਪ ਹੈ, ਹੱਸਦੇ ਸਮੇਂ ਉਹ ਪਿਠ ਦੇ ਭਾਰ ਲੰਮਾ ਲੇਟ ਜਾਂਦਾ ਹੈ ਅਤੇ ਫਿਰ ਮੂੰਹ ਖੋਲ ਕੇ ਜ਼ੋਰਾਂ ਨਾਲ ਹਿਲਦਾ ਹੈ।

ਇਸ ਦੀਆਂ ਮੁੱਛਾਂ ਦੀ ਤੁਲਨਾ ਬਿੱਲੀ ਦੀਆਂ ਮੁੱਛਾਂ ਨਾਲ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਛੋਟੀਆਂ-ਛੋਟੀਆਂ ਅੱਖਾਂ ਗਹਿਰੇ ਕਾਲੇ ਰੰਗ ਦੀਆਂ ਹੁੰਦੀਆਂ ਹਨ। ਆਮ ਹਾਲਤ ਵਿੱਚ ਵੇਖਿਆ ਜਾਏ ਤਾਂ ਇਸ ਦਾ ਸਰੀਰ ਥੋੜਾ-ਜਿਹਾ ਗੋਲ ਆਕਾਰ ਦਾ ਹੁੰਦਾ ਹੈ। ਜੇਕਰ ਹੋਰ ਖੁਲਾਸਾ ਕੀਤਾ ਜਾਏ ਤਾਂ ਇਸ ਦਾ ਸਰੀਰ ਧਨੁਸ਼ਾਕਾਰ ਲੱਗਦਾ ਹੈ। ਇਸ ਜੀਵ ਦੇ ਪੈਰ ਅੰਦਰ ਦੀ ਤਰ੍ਹਾਂ ਮੁੜੇ ਹੁੰਦੇ ਹਨ। ਜਾਲੀਦਾਰ ਪੰਜੇ, ਪੁਖਤਾ ਟੰਗਾਂ ਅਤੇ ਚੌੜੀ ਪੂਛ ਇਸ ਦੀਆਂ ਉਹ ਵਿਸ਼ੇਸ਼ਤਾਵਾਂ ਹਨ, ਜੋ ਕੁਦਰਤੀ ਹਨ। ਇਹਨਾਂ ਦੀ ਬਦੌਲਤ ਇਹ ਪਾਣੀ ਵਿੱਚ ਤਰ੍ਹਾਂ-ਤਰ੍ਹਾਂ ਦੇ ਖੇਡ ਦਿਖਾਉਂਦਾ ਹੈ ਪਰ ਇਕ ਗੱਲ ਯਾਦ ਰਹੇ ਊਦ ਜਿੰਨਾ



ਮਿਲਣਸਾਰ ਅਤੇ ਦਿਲਚਸਪ ਕਿਸਮ ਦਾ ਜੀਵ ਹੈ ਓਨਾ ਹੀ ਖਤਰਨਾਕ ਵੀ ਹੋ ਸਕਦਾ ਹੈ। ਜੇਕਰ ਉਹ ਹਮਲਾ ਕਰਨ ਦਾ ਇਰਾਦਾ ਬਣਾ ਲਏ ਤਾਂ ਉਸ ਤੋਂ ਨਾ ਤਾਂ ਕਿਸੇ ਰੱਖਿਆ ਸਾਧਨ ਨਾਲ ਅਤੇ ਨਾ ਹੀ ਦਸਤਾਨੇ ਵਗੈਰਾ ਨਾਲ ਬਚਿਆ ਜਾ ਸਕਦਾ ਹੈ।

ਆਵਾਜ਼ ਦੇ ਮਾਮਲੇ ਵਿੱਚ ਵੀ ਊਦ ਬੇਮਿਸਾਲ ਜੀਵ ਹੈ। ਕਦੇ ਉਹ ਚਹਿਕਦਾ ਹੈ, ਜਿਵੇਂ ਚਿੜੀ ਚਹਿਕ ਰਹੀ ਹੋਵੇ। ਕਦੇ ਚੂੰ-ਚੂੰ ਦੀ ਧੁਨੀ ਕੱਢਦਾ ਹੈ,ਠੀਕ ਚੂਹੇ ਦੀ ਤਰ੍ਹਾਂ। ਕਦੇ ਇੰਝ ਲੱਗਦਾ ਹੈ ਕਿ ਉਹ ਜਿਵੇਂ ਦੱਬਿਆ ਹਾਸਾ ਹੱਸ ਰਿਹਾ ਹੋਵੇ। ਇਸਦੇ ਉਲਟ ਕਦੇ ਉਹ ਐਨੀ ਜ਼ੋਰ ਨਾਲ ਚੀਕਦਾ ਹੈ ਕਿ ਉਸ ਦੀ ਆਵਾਜ਼ ਘੱਟ ਤੋਂ ਘੱਟ ਦੋ ਕਿਲੋਮੀਟਰ ਦੂਰ ਤੋਂ ਸੁਣਾਈ ਦੇ ਜਾਂਦੀ ਹੈ। ਇਸ ਦੀ ਚੀਕ ਐਨੀ ਛੂਹਣ ਵਾਲੀ ਹੁੰਦੀ ਹੈ ਕਿ ਚੰਗੇ-ਚੰਗਿਆਂ ਦੇ ਲੂੰ-ਕੰਡੇ ਖੜੇ ਹੋ ਜਾਂਦੇ ਹਨ ਅਤੇ ਜਦ ਉਹ ਕ੍ਰੋਧਿਤ ਹੁੰਦਾ ਹੈ ਤਾਂ ਉਸ ਦਾ ਗੁੱਸਾ ਅਤੇ ਬਦਲੇ ਦੀ ਭਾਵਨਾ ਦੀ ਅਦਭੁਤ ਸ਼ਕਤੀ ਦਾ ਅਹਿਸਾਸ ਹੁੰਦਾ ਹੈ।

ਇਸ ਦੇ ਹਰਮਨ ਪਿਆਰੇ ਭੋਜਨ ਪਦਾਰਥਾਂ ਵਿੱਚੋਂ ਹਨ – ਝੀਂਗੁਰ। ਇਸ ਦੇ ਨਾਲ ਹੀ ਉਹ ਡੱਡੂ, ਮੱਛੀ, ਘੋਘਾ ਅਤੇ ਸੱਪ ਖਾਣ ਵਿੱਚ ਦਿਲਚਸਪੀ ਰੱਖਦਾ ਹੈ। ਖਾਸਤੌਰ ਤੇ ਉਹ ਚਿੱਕੜ ਵਿੱਚ ਪਲਣ ਵਾਲੀਆਂ ਮੱਛੀਆਂ ਦਾ ਮੁਰੀਦ ਹੁੰਦਾ ਹੈ। ਯਾਦਾਸ਼ਤ ਵੀ ਇਸਦੀ ਗਜ਼ਬ ਦੀ ਹੁੰਦੀ ਹੈ। ਇਕ ਵਾਰ ਤਾਂ ਕਮਾਲ ਹੀ ਹੋ ਗਿਆ ਜਦ ਇਕ ਊਦਬਿਲਾਵ ਨੇ ਆਪਣੇ ਤਿੰਨ ਸਾਲ ਵਿਛੜੇ ਮਾਲਿਕ ਨੂੰ ਵੇਖਿਆ ਤਾਂ ਪਛਾਣ ਲਿਆ।

ਪਾਲਤੂ ਊਦਬਿਲਾਵ ਰਜਾਈ ਲੈ ਕੇ ਆਦਮੀ ਵਾਂਗ ਸਿਰਹਾਣਾ ਸਿਰ ਹੇਠਾਂ ਲਗਾ ਕੇ ਸੌਣ ਵਿੱਚ ਵਿਸ਼ਵਾਸ ਰੱਖਦਾ ਹੈ। ਊਦ ਵਿੱਚ ਹਿੰਮਤ ਦੀ ਘਾਟ ਨਹੀਂ। ਆਪਣੇ ਹਰ ਦੁਸ਼ਮਣ ਨੂੰ ਗੱਲ ਹੀ ਗੱਲ ਵਿੱਚ ਹਰਾ ਦੇਣ ਦੀ ਉਸ ਵਿੱਚ ਬਹੁਤ ਸਮਰੱਥਾ ਹੁੰਦੀ ਹੈ। ਇਥੋਂ ਤਕ ਕਿ ਜੰਗਲੀ ਬਿੱਲੀ (ਵਨ ਬਿਲਾਵ) ਨੂੰ ਮਾਰਨ ਵਿੱਚ ਉਹ ਜ਼ਿਆਦਾ ਦੇਰ ਨਹੀਂ ਲਗਾਉਂਦਾ। ਆਪਣੇ ਫੁਰਤੀਲੇ ਬਦਨ ਦੀ ਵਜ੍ਹਾ ਨਾਲ ਉਹ ਸੱਪ ਲਈ ਪ੍ਰਤੱਖ ਕਾਲ ਦੇ ਵਾਂਗ ਹੁੰਦਾ ਹੈ। ਪਹਿਲਾਂ ਉਹ ਸੱਪ ਨੂੰ ਉਕਸਾਉਂਦਾ ਹੈ, ਤਾਂਕਿ ਉਹ ਉਸ ਤੇ ਹਮਲਾ ਕਰੇ ਅਤੇ ਜਿਉਂ ਹੀ ਸੱਪ ਹਮਲਾ ਕਰਦਾ ਹੈ, ਉਹ ਉਸ ਦੇ ਫਨ ਨੂੰ ਫੜ ਕੇ ਬੁਰੀ ਤਰ੍ਹਾਂ ਝਿੰਝੋੜਦਾ ਹੈ। ਉਸਦੀ ਇਹ ਝਿੰਝੋੜਨ ਦੀ ਪ੍ਰਕ੍ਰਿਆ ਤਦ ਤਕ ਚਲਦੀ ਹੈ, ਜਦ ਤਕ ਸੱਪ ਮਰ ਕੇ ਨਿਢਾਲ ਨਹੀਂ ਪੈ ਜਾਂਦਾ।

ਮਾਦਾ ਊਦਬਿਲਾਵ ਸਾਢੇ ਨੌ ਮਹੀਨੇ ਦੀ ਉਮਰ ਤੋਂ ਹੀ ਬੱਚੇ ਦੇਣਾ ਸ਼ੁਰੂ ਕਰ ਦਿੰਦੀ ਹੈ। ਇਕ ਵਾਰ ਵਿੱਚ ਉਸ ਦੇ ਚਾਰ ਤਕ ਬੱਚੇ ਹੁੰਦੇ ਹਨ। ਕਾਲੇ ਰੇਸ਼ਮੀ ਬੱਚੇ। ਪੂਰੇ ਛੇ ਮਹੀਨੇ ਤਕ ਮਾਦਾ ਊਦ ਇਹਨਾਂ ਦਾ ਪਾਲਣ-ਪੋਸ਼ਣ ਕਰਦੀ ਹੈ। ਤੀਸਰੇ ਮਹੀਨੇ ਦੇ ਅੱਧ ਵਿੱਚ ਇਹਨਾਂ ਦੀ ਤੈਰਨ ਦੀ ਟ੍ਰੇਨਿੰਗ ਸ਼ੁਰੂ ਹੁੰਦੀ ਹੈ। ਜਿਵੇਂ ਕਿ ਸਾਰੇ ਬੱਚਿਆਂ ਦੇ ਨਾਲ ਹੁੰਦਾ ਹੈ, ਬਾਲ ਊਦ ਪਾਣੀ ਦੇ ਕੋਲ ਆਉਣ ਤੋਂ ਡਰ ਨਾਲ ਕੰਬਣ ਲੱਗਦਾ ਹੈ। ਇਸ ਕਾਰਣ ਉਹਨਾਂ ਨੂੰ ਜਬਰਣ ਪਾਣੀ ਵਿੱਚ ਠੇਲਣਾ ਪੈਂਦਾ ਹੈ। ਕਦੇ-ਕਦੇ ਮਾਦਾ ਊਦ ਬੱਚਿਆਂ ਨੂੰ ਮੱਛੀ ਦਾ ਲਾਲਚ ਦੇ ਕੇ ਉਹਨਾਂ ਨੂੰ ਪਾਣੀ ਵਿੱਚ ਕੁੱਦਣ ਲਈ ਪ੍ਰੇਰਿਤ ਕਰਦੀ ਹੈ। ਅਕਸਰ ਮਾਦਾ ਆਪਣੀ ਪਿੱਠ ਤੇ ਬੱਚਿਆਂ ਨੂੰ ਸਵਾਰ ਕਰਕੇ ਵਾਰ-ਵਾਰ ਪਾਣੀ ਵਿੱਚ ਡੁਬਕੀ ਮਾਰਦੀ ਹੈ। ਬੱਚੇ ਦੇ ਸਾਹਮਣੇ ਦੋ ਹੀ ਰਾਹ ਰਹਿ ਜਾਂਦੇ ਹਨ, ਜਾਂ ਤਾਂ ਉਹ ਤੈਰਨ ਲਈ ਤਿਆਰ ਹੋ ਜਾਣ ਨਹੀਂ ਤਾਂ ਉਸ ਦਾ ਡੁਬਣਾ ਨਿਸ਼ਚਿਤ ਹੈ ਹੀ।

ਲੇਕਿਨ ਇਹ ਸ਼ੁਰੂ-ਸ਼ੁਰੂ ਦੀ ਗੱਲ ਹੈ। ਜਦ ਇਕ ਵਾਰ ਊਦ ਦੇ ਬੱਚਿਆਂ ਦੇ ਮਨ ਵਿੱਚ ਪਾਣੀ ਦੇ ਪ੍ਰਤੀ ਲਗਾਵ ਪੈਦਾ ਹੋ ਜਾਏ ਤਾਂ ਉਹ ਦਿਨ-ਬ-ਦਿਨ ਵਧਦਾ ਹੀ ਜਾਂਦਾ ਹੈ। ਉਹ ਫਿਰ ਪਾਣੀ ਵਿੱਚ ਆਪਣੇ ਮੌਲਿਕ ਖੇਡ ਸ਼ੁਰੂ ਕਰ ਦਿੰਦੇ ਹਨ। ਜਦ ਉਹ ਮੂੜ ਵਿੱਚ ਹੁੰਦਾ ਹੈ ਤਾਂ ਉਸ ਦੀ ਪਾਣੀ ਵਿੱਚ ਤੈਰਨ ਦੀ ਨਜ਼ਾਕਤ ਦਾ ਕੋਈ ਜਵਾਬ ਨਹੀਂ ਰਹਿੰਦਾ। ਜੇਕਰ ਦੋ ਊਦਬਿਲਾਵ ਪਾਣੀ ਵਿੱਚ ਖੇਡ ਰਹੇ ਹੋਣ ਤਾਂ ਇੰਝ ਲੱਗਦਾ ਹੈ ਜਿਵੇਂ ਦੋ ਨਹੀਂ ਵੀਹ ਊਦਬਿਲਾਵ ਖੇਡ ਰਹੇ ਹਨ। ਦਰਅਸਲ ਉਹਨਾਂ ਦੇ ਖੇਡਣ ਦੀ ਗਤੀ ਐਨੀ ਤੇਜ਼ ਹੁੰਦੀ ਹੈ ਕਿ ਇਸ ਤਰ੍ਹਾਂ ਦਾ ਭਰਮ ਪੈਦਾ ਹੋਣਾ ਸੁਭਾਵਿਕ ਹੀ ਹੁੰਦਾ ਹੈ। ਭਾਰਤ ਵਿੱਚ ਊਦਬਿਲਾਵ ਦੀਆਂ ਤਿੰਨ ਪ੍ਰਜਾਤੀਆਂ ਮਿਲਦੀਆਂ ਹਨ। ਚਿਕਨੀ ਖੱਲ ਵਾਲੇ ਊਦ ਨਦੀਆਂ ਅਤੇ ਝੀਲਾਂ ਵਿੱਚ ਪਾਏ ਜਾਂਦੇ ਹਨ। ਆਮ ਊਦ ਦੀ ਖੱਲ ਖੁਰਦਰੀ ਹੁੰਦੀ ਹੈ ਅਤੇ ਉਹ ਝਰਨੇ ਅਤੇ ਝੀਲਾਂ ਦੀ ਬਜਾਏ ਠੰਡੇ ਸਥਾਨਾਂ ਤੇ ਰਹਿਣਾ ਪਸੰਦ ਕਰਦਾ ਹੈ। ਭਾਰਤ ਦਾ ਸਭ ਤੋਂ ਛੋਟਾ ਊਦ ਇੰਬਲੋਨਿਕਸ ਹੈ। ਇਸ ਦਾ ਵਜਨ ਛੇ ਤੋਂ ਤੇਰਾਂ ਪੌਂਡ ਤਕ ਹੁੰਦਾ ਹੈ।

ਊਦਬਿਲਾਵ ਆਦਮੀ ਦਾ ਸਭ ਤੋਂ ਪਿਆਰਾ ਖਿਡਾਰੀ ਮਿੱਤਰ ਮੰਨਿਆ ਜਾਂਦਾ ਹੈ, ਪਰ ਇਹ ਦੁੱਖ ਦੀ ਗੱਲ ਹੈ ਕਿ ਇਸ ਦੀ ਕੀਮਤੀ ਖੱਲ ਲਈ ਆਦਮੀ ਹੀ ਇਹਨੂੰ ਖਤਮ ਕਰਨ ਤੇ ਤੁਲਿਆ ਹੈ।



❑ ਡਾ: ਵਿਦਿਆ ਪ੍ਰਕਾਸ਼

# ਸਜਾ ਦੀ ਵਾਪਸੀ

ਰਾਜਾ ਵੀਰ ਸਿੰਘ ਨੂੰ ਸੁੰਦਰ ਫੁੱਲਾਂ ਨਾਲ ਪਿਆਰ ਸੀ। ਉਸ ਨੇ ਆਪਣੇ ਮਹੱਲ ਦੇ ਆਸ-ਪਾਸ ਹੀ ਇਕ ਵੱਡਾ ਸੁੰਦਰ ਬਾਗ ਬਣਵਾ ਰੱਖਿਆ ਸੀ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੀ ਖੁਸ਼ਬੂ ਵਾਲੇ ਫੁੱਲਾਂ ਦੇ ਪੌਦੇ ਲਗੇ ਹੋਏ ਸਨ।

ਇਕ ਦਿਨ ਉਸ ਬਾਗ ਵਿੱਚ ਕੰਮ ਕਰਨ ਵਾਲੇ ਮਾਲੀ ਤੋਂ ਇਕ ਗਮਲਾ ਟੁੱਟ ਗਿਆ। ਰਾਜਾ ਵੀਰ ਸਿੰਘ ਨੂੰ ਜਿਵੇਂ ਹੀ ਪਤਾ ਲੱਗਾ ਉਹਨਾਂ ਨੇ ਉਸ ਮਾਲੀ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ। ਮੰਤਰੀ ਨੇ ਵੀ ਰਾਜਾ ਨੂੰ ਸਮਝਾਇਆ ਪਰ ਰਾਜਾ ਵੀਰ ਸਿੰਘ ਤੇ ਕੋਈ ਅਸਰ ਨਹੀਂ ਹੋਇਆ। ਰਾਜਾ ਕੁਝ ਸਨਕੀ ਸੀ। ਉਸ ਨੇ ਘੋਸ਼ਣਾ ਕਰਵਾ ਦਿੱਤੀ ਜੋ ਵਿਅਕਤੀ ਟੁੱਟੇ ਗਮਲੇ ਨੂੰ ਜਿਉਂ ਤਾਂ ਤਿਉਂ ਜੋੜ ਦਏਗਾ ਉਹਨੂੰ ਇਨਾਮ ਦਿੱਤਾ ਜਾਏਗਾ।

ਕਾਫੀ ਲੋਕਾਂ ਨੇ ਯਤਨ ਕੀਤਾ ਪਰ ਸਾਰੇ ਅਸਫਲ ਰਹੇ।

ਅੰਤ ਵਿੱਚ ਇਕ ਮਹਾਤਮਾ ਰਾਜਾ ਵੀਰ ਸਿੰਘ ਦੇ ਦਰਬਾਰ ਵਿੱਚ ਆਏ। ਉਹ ਬੋਲੇ - ''ਰਾਜਨ, ਮੈਂ ਆਪ ਦੇ ਟੁੱਟੇ ਗਮਲੇ ਨੂੰ ਜੋੜਨ ਦਾ ਵਚਨ ਦਿੰਦਾ ਹਾਂ। ਪਰ ਐਨਾ ਜਾਣ ਲਉ ਜਦ ਇਹ ਮਨੁੱਖ ਦੇਹੀ ਅਮਰ ਨਹੀਂ ਤਾਂ ਆਪ ਦਾ ਗਮਲਾ ਕਿਵੇਂ ਅਮਰ ਰਹਿ ਸਕੇਗਾ।'' ਰਾਜਾ ਦੀ ਆਗਿਆ ਨਾਲ ਮਹਾਤਮਾ, ਰਾਜਾ ਦੇ ਨਾਲ ਉਸ ਸੁੰਦਰ ਬਾਗ ਵਿੱਚ ਪਹੁੰਚਾ। ਉਥੇ ਮਹਾਤਮਾ ਨੇ ਇਕ ਪੱਥਰ ਨਾਲ ਬਾਕੀ ਸਾਬਤ ਗਮਲਿਆਂ ਨੂੰ ਵੀ ਤੋੜ ਦਿੱਤਾ। ਇਹ ਵੇਖ ਕੇ ਰਾਜਾ ਵੀਰ ਸਿੰਘ ਨੂੰ ਮਹਾਤਮਾ ਤੇ ਬਹੁਤ ਗੁੱਸਾ ਆਇਆ ਪਰ ਉਹ ਚੁੱਪ ਰਹੇ। ਰਾਜਾ ਨੇ ਸੋਚਿਆ - ਮਹਾਤਮਾ ਦੇ ਕੋਲ ਕੋਈ ਚਮਤਕਾਰ ਹੋਏਗਾ ਜੋ ਸ਼ਾਇਦ ਟੁੱਟੇ ਗਮਲੇ ਜੋੜ ਦਏ।

ਆਖਿਰ ਰਾਜਾ ਚੁੱਪ ਨਾ ਰਹਿ ਸਕਿਆ। ਉਹ ਬੋਲ ਪਿਆ– ''ਮਹਾਤਮਾ ਜੀ ਆਪ ਨੇ ਇਹ ਕੀ ਕੀਤਾ?''

ਮਹਾਤਮਾ ਬੋਲੇ - ''ਮੈਂ ਗਮਲੇ ਤੋੜ ਕੇ ਕਈ ਵਿਅਕਤੀਆਂ ਦੀ ਜਾਨ ਬਚਾਈ ਹੈ। ਆਪ ਨੇ ਇਕ ਗਮਲਾ ਟੁੱਟਣ ਤੇ ਇਕ ਵਿਅਕਤੀ ਨੂੰ ਫਾਂਸੀ ਦੀ ਸਜਾ ਸੁਣਾਈ ਹੈ।

ਮਹਾਤਮਾ ਜੀ ਦੀ ਗੱਲ ਸੁਣ ਕੇ ਰਾਜਾ ਨੂੰ ਸਮਝ ਆ ਗਈ। ਉਸ ਨੇ ਦਿੱਤੀ ਗਈ ਫਾਂਸੀ ਦੀ ਸਜਾ ਵਾਪਿਸ ਲੈ ਲਈ। ■



❑ ਰਾਜ ਕੁਮਾਰ

## ਆਲਾ ਦਰਜੇ ਦੇ ਇਨਸਾਨ ਸਨ

# ਲਾਲ ਬਹਾਦਰ ਸ਼ਾਸਤਰੀ ਜੀ



ਦੇਸ਼ ਦੇ ਦੂਜੇ ਪ੍ਰਧਾਨਮੰਤਰੀ, ਭਾਰਤ ਰਤਨ ਅਤੇ ਭਾਰਤ ਮਾਂ ਦੇ ਸੱਚੇ ਸਪੂਤ ਲਾਲ ਬਹਾਦੁਰ ਸ਼ਾਸਤਰੀ ਜੀ ਦਾ ਜਨਮ 2 ਅਕਤੂਬਰ 1904 ਨੂੰ ਉਤਰ ਪ੍ਰਦੇਸ਼ ਵਿਚ ਮੁਗਲ ਸਰਾਏ ਦੇ ਸਾਧਾਰਣ ਪਰਿਵਾਰ ਵਿਚ ਹੋਇਆ ਸੀ। ਸ਼ਾਸਤਰੀ ਜੀ ਬਹੁਤ ਹੀ ਦ੍ਰਿੜ ਵਿਅਕਤਤਵ ਦੇ ਸੁਆਮੀ ਸਨ। ਉਹ ਨਹਿਰੂ ਜੀ ਦੇ ਬਾਅਦ ਦੇਸ਼ ਦੇ ਪ੍ਰਧਾਨਮੰਤਰੀ ਬਣੇ। ਉਹਨਾਂ ਦਾ ਸੇਵਾਕਾਲ ਕਾਫੀ ਮੁਸ਼ਕਿਲਾਂ ਭਰਿਆ ਸੀ। ਇਕ ਪਾਸੇ ਦੇਸ਼ ਅਨਾਜ ਦੀ ਕਮੀ ਕਾਰਣ ਪਰੇਸ਼ਾਨ ਸੀ ਤਾਂ ਦੂਜੇ ਪਾਸੇ ਅੰਤਰਰਾਸ਼ਟਰੀ ਜਗਤ ਵਿਚ ਦੇਸ਼ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਪਾਕਿਸਤਾਨ ਨੇ ਸੰਨ 1965 ਵਿਚ ਜੰਮੂ ਦੇ ਛੰਬ ਖੇਤਰ ਉਤੇ ਹਮਲਾ ਕਰ ਦਿਤਾ ਸੀ। ਪਾਕਿਸਤਾਨ ਅਤੇ ਅਮਰੀਕਾ ਦਾ ਵਿਚਾਰ ਸੀ ਕਿ ਸ਼ਾਸਤਰੀ ਜੀ ਦੀ ਅਗਵਾਈ ਵਿਚ ਭਾਰਤ ਪਾਕਿਸਤਾਨ ਦੇ ਕਿਸੇ ਵੀ ਹਮਲੇ ਨੂੰ ਝੇਲ ਨਹੀਂ ਸਕੇਗਾ ਅਤੇ ਖੰਡਿਤ ਹੋ ਜਾਵੇਗਾ। ਸ਼ਾਸਤਰੀ ਜੀ ਨੇ ਇਸ ਯੁਧ ਵਿਚ ਜਿੱਤ ਹਾਸਿਲ ਕਰਕੇ ਦੇਸ਼ ਨੂੰ ਸਿਰਫ ਇਕ ਸੂਤਰ ਵਿਚ ਹੀ ਨਹੀਂ ਬੰਨਿਆ ਬਲਕਿ ਉਸ ਨੂੰ ਉਤਸ਼ਾਹ ਨਾਲ ਵੀ ਭਰ ਦਿਤਾ। ਉਹਨਾਂ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮਨਿਰਭਰ ਬਣਾਉਣ ਦੇ ਲਈ ਠੋਸ ਕਦਮ ਚੁੱਕੇ। ਕੁਲ ਮਿਲਾ ਕੇ ਸ਼ਾਸਤਰੀ ਜੀ ਨੇ ਦੁਨੀਆ ਵਿਚ ਭਾਰਤ ਦੀ ਪ੍ਰਤਿਸ਼ਠਾ ਬਣਾਈ।

ਸੰਨ 1966 ਵਿਚ ਉਹ ਤਾਸ਼ਕੰਦ ਵਿਚ ਜਰੂਰੀ ਕੰਮ ਲਈ ਗਏ। ਜਿਥੇ ਉਹਨਾਂ ਦੀ ਅਚਾਨਕ ਮੌਤ ਹੋ ਗਈ। ਭਾਰਤ ਆਪਣਾ ਇਕ ਸੱਚਾ, ਇਮਾਨਦਾਰ, ਦੇਸ਼ਭਗਤੀ ਨਾਲ ਭਰਿਆ ਹੋਇਆ ਪਿਆਰਾ ਲਾਲ ਗਵਾ ਬੈਠਾ। ਆਉ, ਅਸੀਂ ਉਹਨਾਂ ਦੇ ਪੂਰੇ ਜੀਵਨ ਤੋਂ ਸਿਖਿਆ ਲੈ ਕੇ ਸੱਚ ਦੇ ਰਾਹ ਤੇ ਚਲੀਏ।

ਆਪਣੇ ਛੋਟੇ ਜਿਹੇ ਕਾਲ ਵਿਚ ਉਹ ਦੇਸ਼ ਵਾਸਤੇ ਸਫਲ ਪ੍ਰਧਾਨ ਮੰਤਰੀ ਸਿੱਧ ਹੋਏ ਅਤੇ ਲੋਕਾਂ ਦੇ ਦਿਲਾਂ ਉਤੇ ਛਾ ਗਏ। ਉਹਨਾਂ ਦਾ ਨਾਅਰਾ 'ਜੈ ਜਵਾਨ, ਜੈ ਕਿਸਾਨ', ਗੂੰਜ ਉਠਿਆ। ਆਪਣੇ ਸੁਖ ਅਤੇ ਸੁਆਰਥ ਦੀ ਪਰਵਾਹ ਕੀਤੇ ਬਗੈਰ ਉਹਨਾਂ ਨੇ ਆਪਣੀ ਸੰਪੂਰਣ ਸ਼ਕਤੀ ਦੇਸ਼ ਦੀ ਭਲਾਈ ਵਿਚ ਲਗਾ ਦਿੱਤੀ। ਆਪਣੇ ਫਰਜਾਂ ਦੀ ਬਲੀਵੇਦੀ ਉਤੇ ਆਪਣੇ ਆਪ ਨੂੰ ਭੇਟ ਚੜਾਉਣ ਵਾਲੇ ਉਸ ਮਹਾਮਾਨਵ ਦਾ ਜੀਵਨ ਹਮੇਸ਼ਾ ਇਕ ਸਾਗਰ ਦੀ ਤਰ੍ਹਾਂ ਰਿਹਾ ਜੋ ਸੰਸਾਰ ਦਾ ਸਾਰਾ ਖਾਰਾਪਨ ਆਪਣੇ ਅੰਦਰ ਛੁਪਾ ਲੈਂਦਾ ਹੈ ਅਤੇ ਸਾਰਾ ਮਿੱਠਾਪਨ ਦੁਨੀਆ ਵਿਚ ਵੰਡ ਦਿੰਦਾ ਹੈ।

ਸੰਪੰਨਤਾ ਅਤੇ ਸੁਰੱਖਿਆ ਸ਼ਾਸਤਰੀ ਜੀ ਦਾ ਮੂਲ ਮੰਤਰ ਰਿਹਾ। ਉਹ ਜਦ ਤਕ ਪ੍ਰਧਾਨ ਮੰਤਰੀ ਰਹੇ, ਉਹਨਾਂ ਨੇ ਕਿਸਾਨਾਂ ਅਤੇ ਜਵਾਨਾਂ ਦਾ ਹੌਸਲਾ ਬੁਲੰਦ ਰਖਿਆ। ਜਿਵੇਂ ਉਹ ਖੇਤੀਬਾੜੀ ਦੇ ਮਾਮਲੇ ਵਿਚ ਠੋਸ ਕਦਮ ਚੁਕਦੇ ਸਨ, ਉਂਜ ਹੀ ਸੁਰੱਖਿਆ ਦੇ ਮਾਮਲਿਆਂ ਵਿਚ ਵੀ ਉਹ ਕੋਈ ਸਮਝੌਤਾ ਨਹੀਂ ਕਰਦੇ ਸਨ।

ਸ਼ਾਸਤਰੀ ਜੀ ਹਮੇਸ਼ਾ ਅਸੰਭਵ ਜਿਹੀ ਲਗਣ ਵਾਲੀ ਪ੍ਰਸਥਿਤੀ ਨੂੰ ਚੁਨੌਤੀ ਦੇ ਰੂਪ ਵਿਚ ਸਵੀਕਾਰ ਕਰਦੇ ਸਨ। ਇਹੀ ਕਾਰਣ ਸੀ ਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਦੇ ਨੇਤਾ ਦੇ ਰੂਪ ਵਿਚ ਚੁਣ ਲਿਆ ਗਿਆ। ਸਰਲ, ਇਮਾਨਦਾਰ ਅਤੇ ਉਤਸ਼ਾਹਿਤ ਨੇਤਾ ਹੋਣ ਦੇ ਕਾਰਣ ਉਹ ਕਾਂਗਰਸ ਦੇ ਦੋਵੇਂ ਗੁਟਾਂ ਨੂੰ ਬਰਾਬਰ ਰੂਪ ਨਾਲ ਸਵੀਕਾਰ ਸਨ।

❑ ਦਰਸ਼ਨ (ਤਲਵੰਡੀ ਭਾਈ)

# ਦੁਸਹਿਰਾ

ਕਿਡੇ ਵੱਡੇ ਬੁੱਤ ਬਣਾਏ,
ਗਰਾਊਂਡ 'ਚ ਗੱਸੇ ਥੰਨ ਟਿਕਾਏ।
ਰਾਵਣ ਬੰਨਿਆ ਵਿਚ ਵਿਚਾਲੇ,
ਬਾਕੀ ਦੋਵੇਂ ਆਲੇ-ਦੁਆਲੇ।।


ਰਾਮ ਚੰਦਰ ਦੀ ਸੈਨਾ ਆਈ,
ਸ਼ੁਰੂ ਹੋ ਗਈ ਮਾਰ ਕੁਟਾਈ।
ਵਾਨਰ ਸੈਨਾ ਜਦੋਂ ਦਹਾੜੀ,
ਭੱਜੀ ਫੌਜ ਰਾਵਣ ਦੀ ਸਾਰੀ।।

ਮੇਘਨਾਥ ਨੂੰ ਮਾਰ ਮੁਕਾਇਆ,
ਕੁੰਭਕਰਨ ਨੂੰ ਫੇਰ ਜਗਾਇਆ।
ਰਾਮ ਦੀ ਸੈਨਾ ਭਾਰੂ ਹੋ ਗਈ,
ਕੁੰਭਕਰਨ ਨੂੰ ਮਾਰੂ ਹੋ ਗਈ।।

ਫਿਰ ਰਾਵਣ ਦੀ ਵਾਰੀ ਆਈ,
ਲੱਗਾ ਲੜਨ ਹੋ ਗਿਆ ਸ਼ੁਦਾਈ।
ਧੁੰਨੀ ਦੇ ਵਿਚ ਤੀਰ ਜਾ ਲੱਗਿਆ,
ਧਰਤੀ ਉਤੇ ਰਾਵਣ ਡਿਗਿਆ।।



ਰਾਮ ਦੀ ਹੋ ਗਈ ਜੈ ਜੈ ਕਾਰ,
ਹਰ ਪਾਸੇ ਛਾ ਗਈ ਬਹਾਰ।
ਜਿੱਤੀ ਸਚਾਈ ਬੁਰਾਈ ਹਾਰੀ,
ਉਦੋਂ ਤੋ ਸਾਰੇ ਨਰ ਨਾਰੀ।।
ਦੁਸਿਹਰਾ ਖੂਬ ਮਨਾਉਂਦੇ ਨੇ,
ਤੇ ਲੋਕਾਂ ਨੂੰ ਸਮਝਾਉਂਦੇ ਨੇ।
ਕਦੇ ਕਿਸੇ ਦਾ ਬੁਰਾ ਨਾ ਕਰੀਏ,
ਮੰਦੇ ਕੰਮ ਤੋ ਸਦਾ ਹੀ ਡਰੀਏ।।





ਡਾ: ਵਿਜੈ ਪ੍ਰਕਾਸ਼

# ਸੱਚਾ ਨਿਆਂ

ਭਾਰਤੀ ਸੰਸਕ੍ਰਿਤੀ ਵਿੱਚ ਕਾਸ਼ੀ ਦਾ ਨਾਂ ਬੜੀ ਸ਼ਰਧਾ ਨਾਲ ਲਿਆ ਜਾਂਦਾ ਹੈ। ਇਥੋਂ ਦੇ ਰਾਜਾ ਨਿਆਂ ਲਈ ਬੜੇ ਪ੍ਰਸਿੱਧ ਰਹੇ ਹਨ।

ਬਹੁਤ ਪੁਰਾਣੀ ਗੱਲ ਹੈ। ਮਾਘ ਦਾ ਮਹੀਨਾ ਸੀ। ਸਰਦੀ ਦੀ ਰੁੱਤ ਸੀ। ਕਾਸ਼ੀ ਨਰੇਸ਼ ਦੀ ਮਹਾਰਾਣੀ ਆਪਣੀਆਂ ਦਾਸੀਆਂ ਨਾਲ ਗੰਗਾ-ਇਸ਼ਨਾਨ ਕਰਨ ਗਈ ਸੀ। ਉਸ ਸਮੇਂ ਗੰਗਾ ਕਿਨਾਰੇ ਹੋਰ ਕਿਸੇ ਨੂੰ ਨਹਾਉਣ ਜਾਣ ਦੀ ਆਗਿਆ ਨਹੀਂ ਸੀ। ਗੰਗਾ ਨਦੀ ਦੇ ਕਿਨਾਰੇ ਜੋ ਝੌਂਪੜੇ ਸਨ, ਉਹਨਾਂ ਨੂੰ ਰਾਜਸੇਵਕਾਂ ਨੇ ਖਾਲੀ ਕਰਾ ਲਿਆ ਸੀ। ਮਹਾਰਾਣੀ ਇਸ਼ਨਾਨ ਕਰਨ ਦੇ ਬਾਦ ਠੰਡ ਨਾਲ ਬੁਰੀ ਤਰ੍ਹਾਂ ਕੰਬ ਰਹੀ ਸੀ। ਉਹਨਾਂ ਨੇ ਆਪਣੇ ਆਸਪਾਸ ਵੇਖਿਆ, ਉਹਨਾਂ ਨੂੰ ਕਿਤੇ ਕੋਈ ਸੁੱਕੀਆਂ ਲੱਕੜੀਆਂ ਵਿਖਾਈ ਨਹੀਂ ਦਿੱਤੀਆਂ। ਤਦ ਰਾਣੀ ਨੇ ਇਕ ਦਾਸੀ ਨੂੰ ਬੁਲਾ ਕੇ ਕਿਹਾ – 'ਕਿਸੇ ਇਕ ਝੌਂਪੜੇ ਨੂੰ ਅੱਗ ਲਗਾ ਦਿਉ, ਜਿਸ ਨਾਲ ਮੇਰੀ ਸਰਦੀ ਦੂਰ ਹੋ ਜਾਏ। ਮੈਂ ਆਪਣਾ ਸਰੀਰ ਸੇਕਣਾ ਹੈ।

ਦਾਸੀ ਨੇ ਰਾਣੀ ਨੂੰ ਕਿਹਾ– 'ਮਹਾਰਾਣੀ ਜੀ! ਇਸ ਝੌਂਪੜੇ ਵਿੱਚ ਦੀਨਹੀਨ ਗਰੀਬ ਰਹਿੰਦੇ ਹੋਣਗੇ ਜਾਂ ਫਿਰ ਸਾਧੂ-ਸੰਤ। ਅਗਰ ਅਜਿਹੀ ਠੰਡ ਵਿੱਚ ਇਸ ਨੂੰ ਅੱਗ ਲਾ ਦਿੱਤੀ ਜਾਏਗੀ ਤਾਂ ਇਹ ਗਰੀਬ ਲੋਕ ਕਿਥੇ ਜਾਣਗੇ?

ਮਹਾਰਾਣੀ ਦਾ ਨਾਮ ਕਰੁਣਾ ਸੀ ਲੇਕਿਨ ਸੰਪੰਨਤਾ ਵਿੱਚ ਪਲੀ ਹੋਣ ਕਾਰਣ ਉਸ ਨੂੰ ਦੀਨਹੀਨ ਗਰੀਬ ਲੋਕਾਂ ਦੇ ਕਸ਼ਟ ਦਾ ਕੋਈ ਅਨੁਭਵ ਨਹੀਂ ਸੀ। ਉਹ ਆਪਣਾ ਆਦੇਸ਼ ਪਾਲਣ ਕਰਾਉਣ ਵਿੱਚ ਬੜੀ ਚਲਾਕ ਸੀ। ਉਸ ਨੇ ਉਸੇ ਵੇਲੇ ਦੂਸਰੀ ਦਾਸੀ ਨੂੰ ਆਦੇਸ਼ ਦਿੱਤਾ ਕਿ – 'ਇਹ ਬੜੀ ਕ੍ਰਿਪਾਲੂ ਬਣੀ ਹੈ। ਇਹਨੂੰ ਤੁਰੰਤ ਮੇਰੇ ਸਾਹਮਣਿਉਂ ਹਟਾ ਦਿਉ ਅਤੇ ਸਾਹਮਣੇ ਵਾਲੇ ਝੌਂਪੜੇ ਵਿੱਚ ਅੱਗ ਲਗਾ ਦਿਉ।'



ਮਹਾਰਾਣੀ ਕਰੁਣਾ ਦੀ ਆਗਿਆ ਦਾ ਉਸੇ ਵੇਲੇ ਪਾਲਣ ਕੀਤਾ ਗਿਆ। ਜਦ ਇਕ ਝੌਂਪੜੀ ਵਿੱਚ ਅੱਗ ਲਗਾ ਦਿੱਤੀ ਗਈ ਤਾਂ ਤੇਜ਼ ਹਵਾ ਦੇ ਕਾਰਣ ਅੱਗ ਫੈਲਣ ਲਗੀ। ਵੇਖਦੇ ਹੀ ਵੇਖਦੇ ਸਾਰੇ ਝੌਂਪੜੇ ਸੜ ਗਏ। ਰਾਣੀ ਦੀ ਸਰਦੀ ਤਾਂ ਦੂਰ ਹੋ ਗਈ ਅਤੇ ਉਹ ਰਾਜਮਹਲ ਵਾਪਸ ਆ ਗਈ। ਤਦੇ ਜਿਹਨਾਂ ਦੇ ਝੌਂਪੜੇ ਸੜੇ ਸਨ ਉਹ ਰੋਂਦੇ-ਵਿਲਕਦੇ ਰਾਜਸਭਾ ਵਿੱਚ ਪਹੁੰਚ ਗਏ। ਮਹਾਰਾਜ ਨੂੰ ਇਸ ਸਮਾਚਾਰ ਨਾਲ ਬਹੁਤ ਮਾਨਸਿਕ ਕਸ਼ਟ ਹੋਇਆ। ਉਹਨਾਂ ਨੇ ਰਾਜਮਹੱਲ ਵਿੱਚ ਮਹਾਰਾਣੀ ਦੇ ਕਮਰੇ ਵਿੱਚ ਜਾ ਕੇ ਕਿਹਾ- 'ਇਹ ਤੂੰ ਕੀ ਕੀਤਾ?' ਤੂੰ ਮੇਰੀ ਪ੍ਰਜਾ ਦੇ ਘਰ ਜਲਾ ਕੇ ਬੜਾ ਅਨਿਆਂ ਕੀਤਾ ਹੈ। ਇਸ ਦਾ ਕੁਝ ਧਿਆਨ ਨਹੀਂ ਹੈ ਤੈਨੂੰ?

ਮਹਾਰਾਣੀ ਨੂੰ ਆਪਣੇ ਰੂਪ ਅਤੇ ਅਧਿਕਾਰ ਦਾ ਬੜਾ ਘੁਮੰਡ ਸੀ। ਉਹ ਮਹਾਰਾਜ ਨੂੰ ਬੋਲੀ – 'ਆਪ ਉਹਨਾਂ ਗੰਦੇ ਝੌਂਪੜਿਆ ਨੂੰ ਘਰ ਕਹਿ ਰਹੇ ਹੋ। ਉਹ ਤਾਂ ਜਲਾ ਦੇਣ ਦੇ ਹੀ ਯੋਗ ਸਨ। ਇਸ ਵਿੱਚ ਅਨਿਆਂ ਦੀ ਕੋਈ ਗੱਲ ਨਹੀਂ ਹੈ।'

ਹੁਣ ਮਹਾਰਾਜ ਨੇ ਕੁਝ ਕਠੋਰ ਸ਼ਬਦਾਂ ਵਿੱਚ ਕਿਹਾ – 'ਮਹਾਰਾਣੀ! ਨਿਆਂ ਸਾਰਿਆਂ ਲਈ ਬਰਾਬਰ ਹੁੰਦਾ ਹੈ। ਤੂੰ ਗਰੀਬਾਂ ਨੂੰ ਕਸ਼ਟ ਦਿੱਤਾ ਹੈ। ਇਹ ਝੌਂਪੜੇ ਗਰੀਬਾਂ ਲਈ ਬਹੁਤ ਕੀਮਤੀ ਸਨ। ਹੁਣ ਤੁਸੀਂ ਇਹ ਭਲੀ ਪ੍ਰਕਾਰ ਸਮਝ ਜਾਉਗੇ।'


ਮਹਾਰਾਜ ਨੇ ਉਸੇ ਵੇਲੇ ਦਾਸੀਆਂ ਨੂੰ ਆਗਿਆ ਦਿੱਤੀ – 'ਮਹਾਰਾਣੀ ਦੇ ਸੋਨੇ ਦੇ ਗਹਿਣੇ ਅਤੇ ਕੀਮਤੀ ਵਸਤਰ ਲੈ ਲਏ ਜਾਣ। ਇਹਨਾਂ ਨੂੰ ਇਕ ਫਟੀ-ਪੁਰਾਣੀ ਸਾੜੀ ਪਹਿਨਾ ਕੇ ਰਾਜਸਭਾ ਵਿੱਚ ਤੁਰੰਤ ਹਾਜ਼ਿਰ ਕਰੋ।'

ਜਦ ਤਕ ਮਹਾਰਾਣੀ ਕੁਝ ਕਹੇ। ਇਸ ਤੋਂ ਪਹਿਲਾਂ ਮਹਾਰਾਜ ਆਪਣੇ ਕਮਰੇ ਵਿੱਚ ਚਲੇ ਗਏ। ਦਾਸੀਆਂ ਨੇ ਰਾਜਾ ਦੀ ਆਗਿਆ ਦਾ ਪਾਲਣ ਕੀਤਾ। ਇਕ ਭਿਖਾਰਿਣ ਦੀ ਤਰ੍ਹਾਂ ਫਟੀ ਸਾੜੀ ਪਾਈ ਜਦ ਮਹਾਰਾਣੀ ਰਾਜਸਭਾ ਵਿੱਚ ਹਾਜ਼ਿਰ ਹੋਈ ਤਾਂ ਮਹਾਰਾਜ ਨੇ ਪ੍ਰਜਾ ਨੂੰ ਆਪਣੀ ਘੋਸ਼ਣਾ ਸੁਣਾਈ।

ਉਹਨਾਂ ਨੇ ਕਿਹਾ – 'ਮਨੁੱਖ ਜਦ ਤਕ ਖੁਦ ਕਸ਼ਟ ਵਿੱਚ ਨਹੀਂ ਹੁੰਦਾ। ਉਹ ਦੂਸਰਿਆਂ ਦੇ ਕਸ਼ਟ ਦਾ ਅਨੁਭਵ ਨਹੀਂ ਪ੍ਰਾਪਤ ਕਰ ਸਕਦਾ। ਮਹਾਰਾਣੀ ਜੀ ਨੂੰ ਰਾਜਮਹਲ ਤੋਂ ਬਾਹਰ ਕੱਢਣ ਦੀ ਘੋਸ਼ਣਾ ਕੀਤੀ ਜਾਂਦੀ ਹੈ। ਜਿਹਨਾਂ ਝੌਂਪੜਿਆਂ ਨੂੰ ਇਹਨਾਂ ਨੇ ਸਾੜਿਆ ਹੈ। ਜਦ ਤਕ ਇਹ ਭੀਖ ਮੰਗ ਕੇ ਉਹਨਾਂ ਨੂੰ ਬਣਵਾ ਨਹੀਂ ਦੇਵੇਗੀ ਤਦ ਤਕ ਰਾਜਭਵਨ ਵਿੱਚ ਇਹਨਾਂ ਦਾ ਪ੍ਰਵੇਸ਼ ਨਹੀਂ ਹੋਏਗਾ।'



# ਰੰਗ ਭਰੋ



ਨਾਂ ................................................................ਉਮਰ..........

ਪੂਰਾ ਪਤਾ...........................................................................

.........................................................................................

...........................................................................................

# ਅਪ੍ਰੈਲ 2021 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਵਿਧਿਤ ਬਜਾਜ (ਉਮਰ 9 ਸਾਲ)
ਪਿੰਡ ਤੇ ਡਾਕਖਾਨਾ - ਖੁਸ਼ਹਾਲ ਪੁਰ
ਜ਼ਿਲਾ - ਗੁਰਦਾਸਪੁਰ (ਪੰਜਾਬ)

**ਦੂਸਰਾ ਨੰ :**

ਏਕਤਾ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ, ਹਰੀਕੇ ਪਤਨ
ਜ਼ਿਲਾ ਅੰਮ੍ਰਿਤਸਰ (ਪੰਜਾਬ)

**ਤੀਸਰਾ ਨੰ :**

ਸਰਬਜੀਤ ਕੌਰ (ਉਮਰ 8 ਸਾਲ)
ਪਿੰਡ ਤੇ ਡਾਕਖਾਨਾ, ਜਗਰਾਉਂ
ਜ਼ਿਲਾ - ਲੁਧਿਆਣਾ (ਪੰਜਾਬ)



## ਪਸੰਦ ਕੀਤੇ ਗਏ -

ਪ੍ਰਦੀਪ ਕੁਮਾਰ (ਨਵਾਂ ਸ਼ਹਿਰ),
ਨਿਤਿਨ ਕੰਡਾ (ਤਲਵੰਡੀ ਭਾਈ),
ਗੁਰਲੀਨ ਕੌਰ (ਡੱਫਰ),
ਵੰਸ਼ਿਕਾ ਬੇਬੋ (ਬੁਢਲਾਡਾ),
ਰਾਧਾ (ਜਗਰਾਉਂ),
ਪਰਵੀਨ ਕੌਰ (ਨਾਨਕ ਨਗਰੀ),
ਸਮੀਪਤਾ ਖੁਰਾਨਾ (ਜਲੰਧਰ),
ਸੁਭਪ੍ਰੀਤ (ਅੰਮ੍ਰਿਤਸਰ),
ਸਹਿਜ ਬਾਂਸਲੀ (ਪਾਤੜਾਂ),
ਗੁਰਮੁਖ ਨੂਰ (ਗੁਮਟਾਲਾ),
ਸਿਦਕ ਭਾਟੀਆ (ਦੋਰਾਹਾ),
ਸੁਖਮੀਤ (ਸਰਦੂਲਗੜ),
ਪ੍ਰੇਰਨਾ (ਬੇਦੀ ਨਗਰ),
ਗੁਰਵਿੰਦਰ (ਜ਼ੀਰਾ),
ਹਰਸੂਲ (ਹੁਸ਼ਿਆਰਪੁਰ),
ਸੁਖਪ੍ਰੀਤ ਸਿੰਘ (ਮਾਨਸਾ),
ਹਰਸ਼ਪ੍ਰੀਤ ਕੌਰ (ਕੁਰਾਲੀ),
ਅਰਸ਼ਦੀਪ ਸਿੰਘ (ਰੂਪੋਵਾਲ),
ਜਸ਼ਨਪ੍ਰੀਤ ਕੌਰ (ਬੋਹਾ),
ਪ੍ਰਭਜੋਤ ਕੌਰ (ਭੈਰੋਂ ਮਾਜਰਾ),

## ਅਕਤੂਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਅਕਤੂਬਰ 2021 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਦਸੰਬਰ 2021 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਵਿਜੈ ਖੱਤਰੀ

# ਸ਼ੇਰ ਨੂੰ ਮਿਲਿਆ ਸਬਕ

ਇਕ ਨਦੀ ਦੇ ਕਿਨਾਰੇ ਕੁੰਦਨਵਨ ਨਾਮ ਦਾ ਜੰਗਲ ਸੀ। ਕਈ ਛੋਟੇ-ਵੱਡੇ ਪਸ਼ੂ-ਪੰਛੀ ਉਸ ਜੰਗਲ ਵਿੱਚ ਰਹਿੰਦੇ ਸਨ। ਨਦੀ ਵਿੱਚ ਵੀ ਕਈ ਪ੍ਰਕਰ ਦੀਆਂ ਮੱਛੀਆਂ, ਕਛੂਏ ਆਦਿ ਜੀਵ ਰਹਿੰਦੇ ਸਨ।

ਉਸ ਜੰਗਲ ਵਿੱਚ ਇਕ ਹੰਕਾਰੀ ਸ਼ੇਰ ਰਹਿੰਦਾ ਸੀ। ਉਹਨੂੰ ਆਪਣੀ ਤਾਕਤ ਦਾ ਬੜਾ ਘੁਮੰਡ ਸੀ। ਉਹ ਜਿਥੇ ਵੀ ਜਾਂਦਾ ਉਥੇ ਪਛੂ-ਪੰਛੀਆਂ ਨੂੰ ਡਰਾਇਆ-ਧਮਕਾਇਆ ਕਰਦਾ ਸੀ।

ਸਾਰੇ ਪਸ਼ੂ-ਪੰਛੀ ਉਸ ਤੋਂ ਪ੍ਰੇਸ਼ਾਨ ਹੋ ਗਏ ਸਨ। ਸਾਰੇ ਇਹੀ ਸੋਚਦੇ ਰਹਿੰਦੇ ਕਿ ਆਖਿਰ ਇਸ ਘਮੰਡੀ ਸ਼ੇਰ ਦਾ ਕੀ ਇਲਾਜ ਕੀਤਾ ਜਾਏ?

ਇਕ ਵਾਰ ਜਦ ਜੰਗਲ ਵਿੱਚ ਮੇਲਾ ਲੱਗਾ ਤਾਂ ਸਾਰੇ ਛੋਟੇ-ਵੱਡੇ, ਪਸ਼ੂ-ਪੰਛੀ ਇਕੱਠੇ ਹੋਏ। ਸਾਰਿਆਂ ਨੇ ਆਪਣਾ-ਆਪਣਾ ਦੁੱਖ ਪ੍ਰਗਟ ਕੀਤਾ।

ਟਿਮਟਿਮ ਹਿਰਣ ਨੇ ਸੁੰਦਰ ਖਰਗੋਸ਼ ਨੂੰ ਕਿਹਾ, ''ਸੁੰਦਰ, ਸਾਡੇ ਸਾਰਿਆਂ ਵਿਚੋਂ ਤੂੰ ਸਭ ਤੋਂ ਚਲਾਕ ਹੈ। ਕਈ ਸਾਲ ਪਹਿਲਾਂ ਤੇਰੇ ਇਕ ਪੁਰਖੇ ਨੇ ਅਜਿਹੇ ਹੀ ਇਕ ਸਿਰਫਿਰੇ ਸ਼ੇਰ ਨੂੰ ਆਪਣੀ ਬੁੱਧੀ ਨਾਲ ਹਰਾਇਆ ਸੀ। ਉਹਨੂੰ ਆਪਣੀ ਚਤੁਰਾਈ ਨਾਲ ਇਕ ਖੂਹ ਵਿੱਚ ਧੱਕ ਕੇ ਉਸ ਦਾ ਅੰਤ ਕੀਤਾ ਸੀ। ਹੁਣ ਤੂੰ ਹੀ ਕੁਝ ਉਪਾਅ ਦੱਸ।''

ਸੁੰਦਰ ਨੇ ਸੋਚਿਆ, ''ਗੱਲ ਤਾਂ ਸਹੀ ਹੈ। ਜਦ-ਜਦ ਜੰਗਲ ਤੇ ਕੋਈ ਆਫਤ ਆਈ ਹੈ ਤਦ-ਤਦ ਮੇਰੇ ਪੁਰਖਿਆਂ ਨੇ ਸਾਰੇ ਪਸ਼ੂ-ਪੰਛੀਆਂ ਦੀ ਬੜੀ ਮਦਦ ਕੀਤੀ ਹੈ। ਮੈਨੂੰ ਕੁਝ ਉਪਾਅ ਕਰਨਾ ਹੀ ਚਾਹੀਦਾ ਹੈ।''

ਕੁਝ ਦੇਰ ਤਕ ਸੋਚਣ ਦੇ ਬਾਦ ਆਖਿਰ ਉਹਨੂੰ ਇਕ ਉਪਾਅ ਸੁਝ ਹੀ ਗਿਆ। ਉਸ ਨੇ ਸਾਰੇ ਪਸ਼ੂ-ਪੰਛੀਆਂ ਨੂੰ ਕੁਝ ਕਿਹਾ। ਸਾਰਿਆਂ ਨੂੰ ਉਮੀਦ ਦੀ ਕਿਰਣ ਦਿਖਾਈ ਦਿੱਤੀ।

ਯੋਜਨਾ ਦੇ ਅਨੁਸਾਰ ਦੋ ਦਿਨ ਤਕ ਸਾਰੇ ਪਸ਼ੂ-ਪੰਛੀ ਕਿਸੇ ਗੁਪਤ ਜਗ੍ਹਾ ਤੇ ਲੁਕ ਗਏ। ਸ਼ੇਰ ਨੂੰ ਦੋ ਦਿਨ ਤਕ ਕੁਝ ਵੀ ਭੋਜਨ ਨਹੀਂ ਮਿਲਿਆ ਤਾਂ ਹੈਰਾਨ ਜਿਹਾ ਰਹਿ ਗਿਆ। ਉਹਨੂੰ ਬੜੀ ਹੈਰਾਨੀ ਹੋਈ ਕਿ ਆਖਿਰ ਜੰਗਲ ਦੇ ਸਾਰੇ ਪ੍ਰਾਣੀ ਗਏ ਤਾਂ ਗਏ ਕਿਥੇ? ਉਹ ਸਭ ਜੰਗਲ ਛੱਡ ਕੇ ਤਾਂ ਨਹੀਂ ਚਲੇ ਗਏ?

ਫਿਰ ਕੁਝ ਸਮਾਂ ਘਮੰਡੀ ਸ਼ੇਰ ਆਪਣੀ ਭੁੱਖ ਭੁੱਲ ਕੇ ਇਹ ਸੋਚ ਕੇ ਖੁਸ਼ ਹੋਣ ਲਗਾ ਕਿ ਆਖਿਰ ਜੰਗਲ ਦੇ ਰਾਜਾ ਅਰਥਾਤ ਮੇਰੇ ਤੋਂ ਸਾਰੇ ਕਿੰਨਾ ਡਰਦੇ ਹਨ।



ਬਾਦ ਵਿੱਚ ਭੁੱਖ ਸਹਿਨ ਨਾ ਹੋਣ ਦੀ ਵਜ੍ਹਾ ਨਾਲ ਉਹ ਨਦੀ ਕਿਨਾਰੇ ਗਿਆ। ਸੋਚਣ ਲੱਗਾ, ''ਚਲੋ, ਥੋੜਾ ਪਾਣੀ ਹੀ ਪੀ ਲਿਆ ਜਾਏ।'

ਪਾਣੀ ਪੀਣ ਦੇ ਬਾਦ ਉਸ ਨੇ ਕਿਸੇ ਪ੍ਰਾਣੀ ਦੇ ਪੈਰਾਂ ਦੇ ਨਿਸ਼ਾਨ ਨਦੀ ਤੋਂ ਜੰਗਲ ਵੱਲ ਜਾਂਦੇ ਹੋਏ ਵੇਖੇ। ਉਸ ਨੇ ਹੈਰਾਨੀ ਨਾਲ ਉਨ੍ਹਾਂ ਨਿਸ਼ਾਨਾਂ ਦਾ ਪਿੱਛਾ ਕੀਤਾ। ਉਸ ਨੇ ਵੇਖਿਆ ਕਿ ਉਹ ਨਿਸ਼ਾਨ ਇਕ ਕੱਛੂਏ ਦੇ ਸਨ ਜੋ ਜੰਗਲ ਵਿੱਚ ਇਕ ਰੁੱਖ ਦੇ ਹੇਠਾਂ ਆਰਾਮ ਕਰ ਰਿਹਾ ਸੀ। ਸ਼ੇਰ ਬਹੁਤ ਭੁੱਖਾ ਸੀ। ਉਸ ਨੇ ਸੋਚਿਆ, ''ਕਿਉਂ ਨਾ ਅੱਜ ਇਸ ਨਾਲ ਗੁਜਾਰਾ ਕੀਤਾ ਜਾਏ?''

ਇਹ ਸੋਚ ਕੇ ਉਹ ਕੱਛੂਏ ਨੂੰ ਖਾਣ ਦਾ ਯਤਨ ਕਰਨ ਲਗਾ ਤਾਂ ਕੱਛੂਏ ਨੇ ਆਪਣਾ ਮੂੰਹ ਅਤੇ ਹੱਥ-ਪੈਰ ਆਪਣੀ ਕਵਚ ਦੇ ਅੰਦਰ ਕਰ ਲਿਆ। ਇਹ ਵੇਖ ਕੇ ਸ਼ੇਰ ਨੇ ਉਸ ਦੀ ਪਿੱਠ ਤੇ ਵਾਰ ਕੀਤਾ। ਪਰ ਪਿੱਠ ਤਾਂ ਢਾਲ ਵਰਗੀ ਮਜ਼ਬੂਤ ਸੀ। ਨਤੀਜੇ ਵਜੋਂ ਸ਼ੇਰ ਉਸ ਨੂੰ ਖਰੋਚ ਤਕ ਨਾ ਲਗਾ ਸਕਿਆ। ਸ਼ੇਰ ਸੋਚਣ ਲੱਗਾ ਕਿ ਆਖਿਰ ਇਹ ਅਨੋਖਾ ਪ੍ਰਾਣੀ ਹੈ ਕੀ? ਉਹ ਕੱਛੂਏ ਨੂੰ ਖਾਣ ਲਈ ਉਸ ਦੇ ਆਸਪਾਸ ਚੱਕਰ ਲਗਾਉਣ ਲੱਗਾ। ਫਿਰ ਥੋੜੀ ਦੂਰੀ ਤੇ ਜਾ ਕੇ ਖੜਾ ਰਿਹਾ ਅਤੇ ਹੈਰਾਨੀ ਨਾਲ ਕਛੂਏ ਨੂੰ ਵੇਖਦਾ ਰਿਹਾ।

ਇਹ ਵੇਖ ਕੇ ਕਛੂਏ ਨੂੰ ਸ਼ਰਾਰਤ ਸੁੱਝੀ। ਉਹ ਆਪਣੇ ਅੰਗ ਪਸਾਰ ਕੇ ਜ਼ੋਰਾਂ ਨਾਲ ਹੱਸਣ ਲੱਗਾ। ਹੱਸਣ ਦੀ ਆਵਾਜ਼ ਸੁਣ ਕੇ ਸ਼ੇਰ ਨੂੰ ਬਹੁਤ ਗੁੱਸਾ ਆ ਗਿਆ। ਉਹ ਬੋਲਿਆ, ''ਅਰੇ ਮੂਰਖ! ਮੇਰੇ ਤੇ ਹੱਸਦਾ ਹੈ, ਜੰਗਲ ਦੇ ਰਾਜਾ ਤੇ। ਹੁਣੇ ਤੈਨੂੰ ਸਬਕ ਸਿਖਾਉਂਦਾ ਹਾਂ।''

ਫਿਰ ਕਛੂਏ ਨੂੰ ਖਾਣ ਲਈ ਸ਼ੇਰ ਨੇ ਉਸ ਤੇ ਹਮਲਾ ਕੀਤਾ ਤਾਂ ਕਛੂਏ ਨੇ ਆਪਣੇ ਸਾਰੇ ਅੰਗ ਫਿਰ ਕਵੱਚ ਦੇ ਅੰਦਰ ਕਰ ਲਏ ਅਤੇ ਅੰਦਰੋ ਅੰਦਰ ਹੀ ਜ਼ੋਰਾਂ ਨਾਲ ਹੱਸਦਾ ਰਿਹਾ। ਕ੍ਰੋਧਿਤ ਹੋ ਕੇ ਸ਼ੇਰ ਉਸ ਨੂੰ ਗੇਂਦ ਦੀ ਤਰ੍ਹਾਂ ਝੰਝੋੜਨ ਲਗਾ ਪਰ ਉਸ ਦੀ ਇਕ ਨਾ ਚਲੀ।

ਯੋਜਨਾ ਅਨੁਸਾਰ ਕਛੂਆ ਉਹਨੂੰ ਚਿੜਾਉਣ ਲਈ ਗਾਉਣ ਲਗਾ, ''ਸ਼ੇਰ ਮੇਰੇ ਤੋਂ ਹਾਰ ਗਿਆ .... ਸ਼ੇਰ ਮੇਰੇ ਤੋਂ ਹਾਰ ਗਿਆ .....।''

ਤਦੇ ਆਸਪਾਸ ਵਿੱਚ ਲੁਕੇ ਸਾਰੇ ਪਸ਼ੂ-ਪੰਛੀ ਵੀ ਜ਼ੋਰ-ਜ਼ੋਰ ਨਾਲ ਹੱਸਣ ਲਗੇ।

ਸ਼ੇਰ ਗੁੱਸਾ ਹੋ ਕੇ ਬੋਲਿਆ, ''ਕੌਣ ਹੱਸ ਰਿਹਾ ਹੈ ਜੰਗਲ ਦੇ ਰਾਜਾ ਤੇ? ਕਿਸ ਦੀ ਐਨੀ ਹਿੰਮਤ ਹੋਈ?''

ਫਿਰ ਯੋਜਨਾ ਅਨੁਸਾਰ ਇਕ ਸੇਹ ਖੁੱਡ ਵਿਚੋਂ ਨਿਕਲ ਕੇ ਬਾਹਰ ਆਈ। ਉਸ ਨੇ ਕਿਹਾ, ''ਕਿਉਂ ਸ਼ੇਰ ਮਹਾਰਾਜ! ਇਕ ਛੋਟੇ ਜਿਹੇ ਕਛੂਏ ਤੋਂ ਹਾਰਣ ਦੇ ਬਾਦ ਕੀ ਅਜੇ ਵੀ ਹੰਕਾਰ ਨਹੀਂ ਉਤਰਿਆ?''

''ਹੰਕਾਰ ਤਾਂ ਮੈਂ ਤੇਰਾ ਉਤਾਰਦਾ ਹਾਂ।''





ਕਹਿੰਦੇ ਹੋਏ ਸ਼ੇਰ ਨੇ ਸੇਹ ਤੇ ਹਮਲਾ ਕਰ ਦਿੱਤਾ। ਸੇਹ ਤਾਂ ਪਹਿਲਾਂ ਤੋਂ ਹੀ ਤਿਆਰ ਸੀ। ਉਸ ਦੇ ਸਰੀਰ ਤੇ ਸੂਈ ਵਰਗੇ ਨੁਕੀਲੇ ਕੰਡੇ ਜੋ ਸਨ। ਬਸ, ਸੇਹ ਨੇ ਉਹਨਾਂ ਕੰਡਿਆਂ ਨਾਲ ਸ਼ੇਰ ਤੇ ਵਾਰ ਕਰ ਦਿਤਾ। ਸੇਹ ਦੇ ਕੰਡੇ ਮੂੰਹ ਤੇ ਲੱਗਦੇ ਹੀ ਸ਼ੇਰ ਦਰਦ ਨਾਲ ਚੀਕਣ ਲੱਗਾ। ਇਹ ਸਭ ਵੇਖ ਕੇ ਪਸ਼ੂ-ਪੰਛੀ ਖੁਸ਼ੀ ਨਾਲ ਚੀਕਣ ਲੱਗੇ।

ਘਮੰਡੀ ਸ਼ੇਰ ਦਾ ਘਮੰਡ ਹਾਲਾਂ ਵੀ ਉਤਰਿਆ ਨਹੀਂ ਸੀ। ਉਹ ਜ਼ੋਰ ਨਾਲ ਚੀਕਣ ਲਗਾ, ''ਅਰੇ ਮੂਰਖ! ਜੰਗਲ ਦੇ ਰਾਜਾ ਦਾ ਅਪਮਾਨ ਕਰਦੇ ਹੋਏ ਤੁਹਾਨੂੰ ਸਾਰਿਆਂ ਨੂੰ ਸ਼ਰਮ ਨਹੀਂ ਆਉਂਦੀ? ਮੈਂ ਤੁਹਾਨੂੰ ਸਾਰਿਆਂ ਨੂੰ ਮਾਰ ਦੇਵਾਂਗਾ।''

ਤਦੇ ਇਕ ਰਾਣੀ ਮਧੁਮੱਖੀ ਸ਼ੇਰ ਦੇ ਕੰਨਾਂ ਦੇ ਕੋਲ ਆ ਕੇ ਗੁਣਗੁਣਾਉਂਦੇ ਹੋਏ ਕਹਿਣ ਲੱਗੀ, ''ਸ਼ੇਰ ਜੀ! ਸਾਹੀ ਦੇ ਕੰਡਿਆਂ ਨਾਲ ਦਰਦ ਤਾਂ ਨਹੀਂ ਹੋ ਰਿਹਾ ਨਾ? ਜੇਕਰ ਕਹੋ ਤਾਂ ਅਸੀਂ ਮਲ੍ਹਮ ਪੱਟੀ ਕਰ ਦਈਏ।''

ਰਾਣੀ ਮੱਧੂਮੱਖੀ ਦੀ ਗੱਲ ਸੁਣ ਕੇ ਬਾਕੀ ਮੱਧੂਮੱਖੀਆਂ ਹੱਸਣ ਲੱਗੀਆਂ। ਸ਼ੇਰ ਨੂੰ ਮੱਧੂਮੱਖੀਆਂ ਤੇ ਗੁੱਸਾ ਆ ਗਿਆ। ਉਹ ਹੱਥ-ਪੈਰ ਝਪਟ ਕੇ ਉਹਨਾਂ ਨੂੰ ਓੜਾਉਣ ਅਤੇ ਮਾਰਨ ਦੀ ਕੋਸ਼ਿਸ਼ ਕਰਨ ਲਗਾ। ਮਧੂਮੱਖੀਆਂ ਦੇ ਝੁੰਡ ਨੇ ਸ਼ੇਰ ਦੇ ਸਰੀਰ ਤੇ ਹਮਲਾ ਕਰ ਦਿੱਤਾ। ਉਹਨਾਂ ਨੇ ਸ਼ੇਰ ਦੇ ਸਰੀਰ ਤੇ ਜਗ੍ਹਾ-ਜਗ੍ਹਾ ਡੰਗ ਮਾਰਨੇ ਸ਼ੁਰੂ ਕਰ ਦਿਤੇ।

ਸ਼ੇਰ ਤਾਂ ਦਰਦ ਦੇ ਮਾਰੇ ਕੁਦਣ-ਦੌੜਨ ਹੀ ਲਗ ਗਿਆ। ਹੁਣ ਸਾਰੇ ਪਸ਼ੂ-ਪੰਛੀ ਲੁਕਣ ਦੀ ਥਾਂ ਉਸ ਦੇ ਸਾਹਮਣੇ ਆ ਗਏ। ਜਿਸ ਨੇ ਇਹ ਯੋਜਨਾ ਬਣਾਈ ਸੀ ਉਹ ਸੁੰਦਰ ਖਰਗੋਸ਼ ਅਗੇ ਆ ਕੇ ਬੋਲਿਆ, ''ਕਿਉਂ ਸ਼ੇਰ ਮਹਾਰਾਜ! ਰਾਜਾ ਹੋ ਕੇ ਇਹਨਾਂ ਛੋਟੇ ਪਸ਼ੂ-ਪੰਛੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ ਕੀ? ਜੇਕਰ ਹੁਣ ਵੀ ਦਮ ਬਾਕੀ ਹੈ ਤਾਂ ਸਾਡੇ ਨਾਲ ਵੀ ਤਾਂ ਲੜ ਕੇ ਵਿਖਾਉ।''

ਸੁੰਦਰ ਖਰਗੋਸ਼ ਦੀ ਗੱਲ ਸੁਣ ਕੇ ਸਾਰੇ ਪਸ਼ੂ-ਪੰਛੀ ਤਾੜੀਆਂ ਵਜਾਉਣ ਲਗੇ। ਸਾਰਿਆਂ ਨੂੰ ਲਗਾ ਕਿ ਇਸ ਘਟਨਾ ਨਾਲ ਸ਼ੇਰ ਕੁਝ ਸਬਕ ਤਾਂ ਸਿਖ ਹੀ ਗਿਆ ਹੋਏਗਾ।

ਪਰ ਅਜਿਹਾ ਨਹੀਂ ਹੋਇਆ। ਉਹ ਤਾਂ ਚੀਕਣ ਲਗਾ, ''ਅੱਛਾ! ਤਾਂ ਸੁੰਦਰ, ਇਹ ਸਭ ਤੇਰੀ ਯੋਜਨਾ ਸੀ। ਤੂੰ ਕੀ ਸਮਝ ਰਿਹਾ ਸੀ ਕਿ ਤੇਰੇ ਇਕ-ਅੱਧ ਪੁਰਖੇ ਸ਼ੇਰ ਨੂੰ ਖੂਹ ਵਿੱਚ ਧੱਕਣ ਦੇ ਬਾਦ ਤੁਸੀਂ ਮੈਨੂੰ ਵੀ ਇਸ ਤਰ੍ਹਾਂ ਨੁਕਸਾਨ ਪਹੁੰਚਾਉਗੇ? ਮੈਂ ਤੇਰਾ ਅਤੇ ਤੇਰਾ ਸਾਥ ਦੇਣ ਵਾਲੇ ਇਹਨਾਂ ਸਾਰੇ ਜਾਨਵਰਾਂ ਨੂੰ ਅੱਜ ਮਾਰ ਹੀ ਦੇਵਾਂਗਾ।''

ਫਿਰ ਸ਼ੇਰ ਨੇ ਜ਼ੋਰ ਨਾਲ ਗਰਜਨਾ ਕੀਤੀ। ਉਸ ਦੀ ਦਹਾੜ ਸੁਣ ਕੇ ਸਾਰੇ ਪੰਛੀ ਉਡੱ ਗਏ। ਨੰਨੇ ਪਸ਼ੂਆਂ ਵਿੱਚ ਵੀ ਭੱਜਦੌੜ ਮੱਚ ਗਈ। ਅਜਿਹਾ ਲੱਗਦਾ ਸੀ ਕਿ ਅੱਜ ਉਹ ਸ਼ੇਰ ਗੁੱਸੇ ਵਿੱਚ ਸਾਰੇ ਜਾਨਵਰਾਂ ਨੂੰ ਮਾਰ ਹੀ ਦਏਗਾ। ਲੇਕਿਨ ''ਸੇਰ ਤੇ ਸਵਾ ਸੇਰ'' ਤਾਂ ਮਿਲ ਕੇ ਹੀ ਰਹਿੰਦਾ ਹੈ। ਸ਼ੇਰ ਦਾ ਸਾਹਮਣਾ ਕਰਨ ਲਈ ਯੋਜਨਾ ਦੇ ਅਨੁਸਾਰ ਸੋਨੂੰ ਹਾਥੀ ਆ ਪਹੁੰਚਾ।

ਸੋਨੂੰ ਹਾਥੀ ਨੂੰ ਵੇਖ ਕੇ ਸ਼ੇਰ ਨੇ ਉਸ ਤੇ ਹਮਲਾ ਕਰਨਾ ਚਾਹਿਆ ਪਰ ਸੋਨੂੰ ਹਾਥੀ ਨੇ ਆਪਣੇ ਬਲ ਨਾਲ ਉਹਨੂੰ ਹਰਾ ਦਿੱਤਾ। ਉਸ ਨੂੰ ਸੁੰਡ ਵਿੱਚ ਉਠਾ ਕੇ ਅਜਿਹੀ ਪਟਕਨੀ ਦਿੱਤੀ ਕਿ ਉਸ ਦੀ ਹੱਡੀ-ਪੱਸਲੀ ਇਕ ਹੋ ਗਈ। ਸੋਨੂੰ ਹਾਥੀ ਨੇ ਕਿਹਾ, ''ਘਮੰਡੀ ਸ਼ੇਰ! ਹੁਣ ਤਾਂ ਤੈਨੂੰ ਪਤਾ ਲਗ ਹੀ ਗਿਆ ਹੋਏਗਾ ਕਿ ਜੰਗਲ ਦਾ ਅਸਲੀ ਰਾਜਾ ਕੌਣ ਹੈ? ਥੋੜੀ ਅਕਲ ਬਾਕੀ ਹੈ ਤਾਂ ਸੁਧਰ ਜਾ।''

ਫਿਰ ਸ਼ੇਰ ਜਾਨ ਬਚਾਉਣ ਲਈ ਦੁੰਭ-ਦਬਾ ਕੇ ਜੰਗਲ ਦੇ ਦੂਸਰੇ ਪਾਸੇ ਭੱਜ ਗਿਆ। ਉਹਨੂੰ ਪਤਾ ਲਗ ਗਿਆ ਸੀ ਕਿ ਕਦੇ-ਕਦੇ ਛੋਟੇ ਪਸ਼ੂ-ਪੰਛੀਆਂ ਦਾ ਸਾਹਮਣਾ ਵੀ ਜ਼ੋਰ ਨਾਲ ਨਹੀਂ ਕੀਤਾ ਜਾ ਸਕਦਾ। ਇਸ ਲਈ ਬੁੱਧੀਬਲ ਦੇ ਅਗੇ ਸ਼ਰੀਰਿਕ ਬਲ ਹਾਰ ਜਾਂਦਾ ਹੈ।

ਸਾਰੇ ਪਸ਼ੂ-ਪੰਛੀਆਂ ਨੇ ਸੁੰਦਰ ਖਰਗੋਸ਼ ਨੂੰ ਸ਼ਾਬਾਸ਼ੀ ਦਿੱਤੀ ਅਤੇ ਖੁਸ਼ੀ-ਖੁਸ਼ੀ ਜੰਗਲ ਵਿੱਚ ਰਹਿਣ ਲਗੇ। ਇਸ ਘਟਨਾ ਦੇ ਬਾਦ ਸ਼ੇਰ ਵੀ ਸੁਧਰ ਗਿਆ।

# ਕਦੇ ਨਾ ਭੁੱਲੋ

* ਹਰੇਕ ਫਰਜ਼ ਪਵਿੱਤਰ ਹੈ। ਸਮਰਪਿਤ ਭਾਵਨਾ ਨਾਲ ਕੀਤਾ ਗਿਆ ਫਰਜ਼ ਈਸ਼ਵਰ ਦੀ ਸਰਵੋਤਮ ਉਪਾਸਨਾ ਹੈ।

  \- ਸਵਾਮੀ ਵਿਵੇਕਾਨੰਦ

* ਸੱਜਣਾ ਦੇ ਸਤਿਸੰਗ ਵਿੱਚ ਜੰਗ ਖਾਧੀ ਬੁੱਧੀ ਤੇਜ਼ ਹੁੰਦੀ ਹੈ। ਬਾਣੀ ਵਿਚੋਂ ਸੱਚ ਦੀ ਵਰਖਾ ਹੁੰਦੀ ਹੈ। ਤਰੱਕੀ ਮਿਲਦੀ ਹੈ, ਮਾਣ ਪ੍ਰਾਪਤ ਹੁੰਦਾ ਹੈ। ਪਾਪ ਮਿਟ ਜਾਂਦੇ ਹਨ। ਮਨ ਸ਼ਾਂਤ ਹੁੰਦਾ ਹੈ।
* ਦੁੱਖ ਦੂਰ ਕਰਨ ਦੀ ਇਕ ਹੀ ਦਵਾਈ ਹੈ, ਮਨ ਵਿੱਚ ਦੁੱਖਾਂ ਦੀ ਚਿੰਤਾ ਨਾ ਕਰਨਾ।

  \- ਮਹਾਂਭਾਰਤ

* ਆਪਣੇ ਫਰਜ਼ ਦਾ ਨਿਸ਼ਠਾਪੂਰਵਕ ਪਾਲਣ ਨਾ ਕਰਨਾ ਦੇਸ਼ਧਰੋਹ ਹੁੰਦਾ ਹੈ ਅਤੇ ਆਪਣੇ ਆਪ ਨੂੰ ਧੋਖਾ ਦੇਣਾ ਵੀ।
* ਜਿਸ ਪਲ ਤੁਸੀਂ ਇੱਛਾ ਤੋਂ ਉਪਰ ਉਠ ਜਾਉਗੇ, ਇੱਛਤ ਵਸਤੂਆਂ ਤੁਹਾਡੀ ਭਾਲ ਕਰਨ ਲੱਗਣਗੀਆਂ।

  \- ਸਵਾਮੀ ਰਾਮਤੀਰਥ

* ਸਫਲ ਇਨਸਾਨ ਬਣਨ ਦੀ ਕੋਸ਼ਿਸ਼ ਕਰਨ ਦੀ ਬਜਾਏ ਸਿਧਾਂਤਾਂ ਵਾਲਾ ਇਨਸਾਨ ਬਣਨ ਦੀ ਕੋਸ਼ਿਸ਼ ਕਰੋ।
* ਮਨੁੱਖ ਦੇ ਮਨ ਵਿੱਚ ਸੰਤੋਖ ਹੋਣਾ ਸਵਰਗ ਪ੍ਰਾਪਤ ਕਰਨ ਦੇ ਬਰਾਬਰ ਹੈ।

  \- ਵੇਦਵਿਆਸ

* ਜ਼ਿਆਦਾ ਧਨ ਹੋਣ ਤੇ ਵੀ ਜੋ ਚਿੰਤਿਤ ਹੈ ਉਹ ਸਭ ਤੋਂ ਵੱਡਾ ਨਿਰਧਨ ਹੈ। ਘੱਟ ਧਨ ਹੋਣ ਤੇ ਵੀ ਜੋ ਸੰਤੁਸ਼ਟ ਰਹਿੰਦਾ ਹੈ। ਉਹੀ ਸਭ ਤੋਂ ਵੱਡਾ ਧਨੀ ਹੈ।
* ਗੁਜ਼ਰੀ ਹੋਈ ਗੱਲ ਲਈ ਦੁੱਖ ਅਤੇ ਭਵਿੱਖ ਲਈ ਵਿਅਰਥ ਚਿੰਤਾ ਨਾ ਕਰਕੇ ਵਰਤਮਾਨ ਲਈ ਯਤਨਸ਼ੀਲ ਰਹਿਣ ਵਾਲਾ ਹੀ ਗਿਆਨੀ ਹੈ।

  \- ਚਾਣਕਯ

* ਗੁਣਾਂ ਦਾ ਸੰਗ੍ਰਹਿ ਇਹੀ ਹੈ ਕਿ ਸਦਾ ਸੱਜਣਾਂ ਦੇ ਸਾਹਮਣੇ ਨਿਮਰਤਾਪੂਰਵਕ ਸਿਰ ਝੁਕ ਜਾਏ।
* ਜੋ ਛੇਤੀ ਸੌਂਦਾ ਹੈ ਅਤੇ ਛੇਤੀ ਉਠਦਾ ਹੈ, ਉਹ ਸਿਹਤਮੰਦ ਅਤੇ ਸੰਪੰਨ ਹੁੰਦਾ ਹੈ।
* ਨਾ ਤਾਂ ਸਮੇਂ ਨੂੰ ਨਸ਼ਟ ਕਰੋ ਅਤੇ ਨਾ ਦੌਲਤ ਨੂੰ, ਬਲਕਿ ਦੋਵਾਂ ਦਾ ਸਰਵੋਤਮ ਉਪਯੋਗ ਕਰੋ।

  \- ਅਲਬਰਟ ਆਈਨਸਟੀਨ

* ਜੋ ਮਨੁੱਖ ਖੂਬ ਸੋਚ-ਵਿਚਾਰ ਕੇ ਕੰਮ ਕਰਦਾ ਹੈ। ਸ਼ੁਰੂ ਕੀਤੇ ਕੰਮ ਨੂੰ ਬਿਨਾ ਖਤਮ ਕੀਤੇ ਨਹੀਂ ਛੱਡਦਾ, ਕਿਸੇ ਵੀ ਸਮੇਂ ਕੰਮ ਕਰਨ ਤੋਂ ਮੂੰਹ ਨਹੀਂ ਮੋੜਦਾ ਅਤੇ ਇੰਦਰੀਆਂ ਨੂੰ ਵਸ਼ ਵਿੱਚ ਰੱਖਦਾ ਹੈ, ਉਹੀ ਪੰਡਿਤ ਹੈ।

  \- ਵਿਨੋਬਾ ਭਾਵੇ

❑ ਸੰਗ੍ਰਹਿਕਰਤਾ : ਜਗਤਾਰ 'ਚਮਨ'

❑ ਵਿਭਾ ਸ਼ਰਮਾ

# ਬਹੁਤ ਉਪਯੋਗੀ ਹੈ ਨਾਰੀਅਲ ਪਾਣੀ

ਬੱਚਿਉ, ਤੁਸੀਂ ਤਾਂ ਨਾਰੀਅਲ ਦੇ ਫਲ ਤੋਂ ਭਲੀਭਾਂਤ ਜਾਣੂ ਹੋ। ਨਹੀਂ ਤਾਂ ਆਉ ਇਸ ਬਾਰੇ ਕੁਝ ਜਾਣਕਾਰੀ ਹਾਸਿਲ ਕਰਦੇ ਹਾਂ। ਨਾਰੀਅਲ ਇਕ ਅਜਿਹਾ ਫਲ ਹੈ ਜਿਸ ਨੂੰ ਸ਼ੁਭ ਤੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਪੂਜਾ-ਪਾਠ ਤੋਂ ਲੈ ਕੇ ਤੀਜ਼-ਤਿਉਹਾਰਾਂ, ਵਿਆਹ-ਸਮਾਰੋਹ, ਉਦਘਾਟਨਾਂ ਆਦਿ ਕਿਸੇ ਵੀ ਸ਼ੁਭ ਮੌਕੇ ਤੇ ਨਾਰੀਅਲ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਉਂਝ ਤਾਂ ਇਹ ਪੂਰੇ ਭਾਰਤ ਵਿੱਚ ਮਿਲਦਾ ਹੈ ਪਰ ਵਿਸ਼ਾਲ ਪੈਮਾਨੇ ਤੇ ਇਸ ਦੀ ਖੇਤੀ ਦੱਖਣ ਭਾਰਤ ਵਿੱਚ ਹੀ ਹੁੰਦੀ ਹੈ। ਇਸ ਦਾ ਵਿਗਿਆਨਕ ਨਾਮ ' ਕੋਕੋ ਸਨਿਊਸੀਫੇਰਾ' ਹੈ। ਕੱਚੇ ਨਾਰੀਅਲ ਦਾ ਪਾਣੀ ਠੰਡਾ, ਪੋਸ਼ਕ, ਮੂਤਰ ਨੂੰ ਸਾਫ਼ ਕਰਨ ਵਾਲਾ ਅਤੇ ਪਿਆਸ ਸ਼ਾਂਤ ਕਰਨ ਵਾਲਾ ਹੈ। ਇਸ ਦੇ ਪਾਣੀ ਵਿੱਚ ਸਾਰੇ ਲੋੜੀਦੇ ਤੱਤ ਅਤੇ ਵਿਟਾਮਿਨ ਮੌਜੂਦ ਹੁੰਦੇ ਹਨ। ਹਰੇ ਨਾਰੀਅਲ ਦਾ ਪਾਣੀ ਘੱਟ ਮਿੱਠਾ ਹੁੰਦਾ ਹੈ ਪਰ ਜਿਵੇਂ ਹੀ ਉਸ ਦੇ ਅੰਦਰ ਮਲਾਈ ਜੰਮਣੀ ਸ਼ੁਰੂ ਹੋ ਜਾਂਦੀ ਹੈ ਪਾਣੀ ਮਿੱਠਾ ਹੁੰਦਾ ਜਾਂਦਾ ਹੈ। ਜਦ ਇਹ ਪੱਕ ਤੇ ਪੀਲਾਪਨ ਰੂਪ ਲੈ ਲੈਂਦਾ ਹੈ ਤਾਂ ਇਸ ਦੇ ਪੋਸ਼ਕ ਤੱਤਾਂ ਦੀ ਘਾਟ ਹੋਣ ਲੱਗਦੀ ਹੈ। ਇਸ ਵਿੱਚ ਪਾਣੀ ਦੀ ਮਾਤਰਾ 95.5 ਪ੍ਰਤੀਸ਼ਤ ਤਕ ਹੁੰਦੀ ਹੈ। ਕੱਚੇ ਨਾਰੀਅਲ ਦੀ ਗਿਰੀ ਵਿੱਚ ਪਾਣੀ 36 ਪ੍ਰਤੀਸ਼ਤ ਪਾਇਆ ਜਾਂਦਾ ਹੈ। ਸੁੱਕੇ ਨਾਰੀਅਲ ਦੇ ਗੋਲੇ ਵਿੱਚ ਵਸਾ ਦੀ ਮਾਤਰਾ ਬਹੁਤ ਜ਼ਿਆਦਾ ਵਧ ਜਾਂਦੀ ਹੈ। ਇਸ ਲਈ ਬੱਚਿਉਂ ਜਿਥੋ ਤਕ ਹੋਵੇ ਕੱਚੇ ਨਾਰੀਅਲ ਦਾ ਇਸਤੇਮਾਲ ਹੀ ਜ਼ਿਆਦਾ ਕਰਨਾ ਚਾਹੀਦਾ ਹੈ। ਉਲਟੀ, ਦਸਤ, ਤੇਜ਼ ਬੁਖਾਰ, ਮੂਤਰ ਵਿਕਾਰ ਵਿੱਚ ਇਹ ਕਾਫੀ ਲਾਭਕਾਰੀ ਹੈ। ਇਸ ਦੇ ਨਾਲ ਹੀ ਇਸ ਵਿੱਚ ਜੀਵਾਣੂਨਾਸ਼ਕ ਗੁਣ ਵੀ ਹੁੰਦੇ ਹਨ। ਇਹ ਪਾਣੀ ਦੀ ਘਾਟ ਨੂੰ ਅਤੇ ਆਤੜੀਆਂ ਵਿੱਚ ਜੀਵਾਣੂਆਂ ਨੂੰ ਦੂਰ ਕਰਦਾ ਹੈ। ਇਸ ਦੇ ਸੇਵਨ ਨਾਲ ਫੇਫੜੇ ਸਿਹਤਮੰਤ ਰਹਿੰਦੇ ਹਨ ਅਤੇ ਕੀਟਾਣੂਆਂ ਦਾ ਵੀ ਨਾਸ਼ ਹੁੰਦਾ ਹੈ।

ਮਾਲਿਸ਼ ਲਈ ਨਾਰੀਅਲ ਦਾ ਤੇਲ ਉਤਮ ਹੁੰਦਾ ਹੈ ਕਿਉਂਕਿ ਇਸ ਦੀ ਤਸੀਰ ਠੰਡੀ ਮੰਨੀ ਜਾਂਦੀ ਹੈ। ਨਾਰੀਅਲ ਦਾ ਤੇਲ ਸਿਰ ਦੇ ਵਾਲਾ ਲਈ ਵੀ ਸਰਵੋਤਮ ਹੈ। ਰੋਜ਼ਾਨਾਂ ਚਿਹਰੇ ਤੇ ਨਾਰੀਅਲ ਦਾ ਪਾਣੀ ਲਗਾਉਣ ਨਾਲ ਚਿਹਰੇ ਤੇ ਇਕ ਅਨੋਖੀ ਚਮਕ ਅਤੇ ਤਾਜ਼ਗੀ ਆ ਜਾਂਦੀ ਹੈ।



❑ ਅਮਨਪ੍ਰੀਤ



# ਸੇਠ ਦੀ ਚਤੁਰਾਈ

ਇਕ ਵਾਰ ਦੀ ਗੱਲ ਹੈ, ਲਕਸ਼ਮੀ ਅਤੇ ਦਰਿਦਰਾ ਧਰਤੀ ਤੇ ਸੈਰ ਕਰਨ ਆਈਆਂ। ਦੋਵੇਂ ਭੈਣਾਂ ਸੁੰਦਰ ਤਾਂ ਸਨ ਹੀ। ਉਸ ਰੋਜ਼ ਉਹਨਾਂ ਨੇ ਚਕਾਚੌਂਦ ਕਰਨ ਵਾਲਾ ਸ਼ਿੰਗਾਰ ਵੀ ਕਰ ਰੱਖਿਆ ਸੀ। ਗੱਲਬਾਤ ਦੇ ਦੌਰਾਨ ਉਹਨਾਂ ਵਿਚਕਾਰ ਝਗੜਾ ਉਠ ਖੜਾ ਹੋਇਆ ਕਿ ਸਾਡੇ ਵਿਚੋਂ ਜ਼ਿਆਦਾ ਸੁੰਦਰ ਕੌਣ ਹੈ? ਲਕਸ਼ਮੀ ਨੂੰ ਆਪਣੇ ਰੂਪ ਤੇ ਘੁਮੰਡ ਸੀ ਤਾਂ ਦਰਿਦਰਾ ਆਪਣੀ ਸੁੰਦਰਤਾ ਤੇ ਮਾਣ ਸੀ। ਕੋਈ ਵੀ ਆਪਣੇ ਆਪ ਨੂੰ ਦੂਸਰੇ ਤੋਂ ਜਰਾ ਵੀ ਘੱਟ ਮੰਨਣ ਨੂੰ ਤਿਆਰ ਨਹੀਂ ਸੀ। ਉਸੇ ਸਮੇਂ ਸਾਹਮਣਿਉਂ ਨਗਰ ਦਾ ਸੇਠ ਆਉਂਦਾ ਦਿਸ ਪਿਆ। ਦਰਿਦਰਾ ਨੇ ਕਿਹਾ – ਚਲੋ, ਇਹਨੂੰ ਪੰਚ ਬਣਾ ਕੇ ਫੈਸਲਾ ਕਰਾ ਲਈਏ।

ਲਕਸ਼ਮੀ ਸਹਿਮਤ ਹੋ ਗਈ। ਦੋਵੇਂ ਭੈਣਾਂ ਬਿਨਾ ਦੇਰੀ ਕੀਤੇ ਨਗਰ ਸੇਠ ਕੋਲ ਪਹੁੰਚ ਗਈਆਂ ਅਤੇ ਜਾਣ-ਪਛਾਣ ਕਰਾ ਕੇ ਉਹਨਾਂ ਸਾਹਮਣੇ ਆਪਣੀ ਸਮੱਸਿਆ ਰੱਖ ਦਿੱਤੀ। ਸੇਠ ਠਹਿਰਿਆ ਚਾਲਾਕ ਵਿਅਕਤੀ। ਉਹ ਦੋਹਾਂ ਵਿਚੋਂ ਕਿਸੇ ਨੂੰ ਵੀ ਨਾਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਇਸ ਲਈ ਚਤੁਰਾਈ ਤੋਂ ਕੰਮ ਲੈਂਦੇ ਹੋਏ ਉਹ ਬੋਲਿਆ – ਦੇਵੀਉ, ਆਪ ਦੋਵੇਂ ਹੀ ਮਹਾਨ ਸੁੰਦਰੀਆਂ ਹੋ। ਕਿਸ ਨੂੰ ਜ਼ਿਆਦਾ ਕਹਾਂ, ਸਮਝ ਵਿੱਚ ਨਹੀਂ ਆ ਰਿਹਾ। ਆਪ ਦੋਵੇਂ ਮੇਰੇ ਨਾਲ ਕੁਝ ਦੂਰ ਚਲੋ। ਮੈਂ ਆਪ ਦੋਹਾਂ ਦੀ ਚਾਲ-ਢਾਲ ਅਤੇ ਗੱਲ-ਬਾਤ ਪਰਖ ਲਵਾਂ, ਤਦੇ ਸਹੀ ਨਿਰਣਾ ਦੇ ਸਕਾਂਗਾ।

ਦੋਵੇਂ ਭੈਣਾਂ ਉਸਦੇ ਨਾਲ ਚੱਲਣ ਲੱਗੀਆਂ। ਉਹ ਉਹਨਾਂ ਨੂੰ ਆਪਣੀ ਹਵੇਲੀ ਦੇ ਕੋਲ ਲੈ ਆਇਆ। ਫਿਰ ਦਰਿਦਰਾ ਵੱਲ ਆਦਰਪੂਰਵਕ ਵੇਖਦੇ ਹੋਏ ਕਿਹਾ- ਦੇਵੀ, ਆਪ ਰੁਕੋ, ਮੈਂ ਦੋਹਾਂ ਦੇਵੀਆਂ ਨੂੰ ਅਲਗ-ਅਲਗ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰਦਾ ਹਾਂ।

ਉਹ ਲਕਸ਼ਮੀ ਨੂੰ ਹਵੇਲੀ ਦੇ ਅੰਦਰ ਲੈ ਗਿਆ ਅਤੇ ਬੜੇ ਪ੍ਰੇਮ ਨਾਲ ਬੋਲਿਆ- ਦੇਵੀ, ਆਪ ਥੋੜੀ ਦੇਰ ਇਥੇ ਆਰਾਮ ਕਰੋ। ਮੈਂ ਦਰਿਦਰਾ ਦੇਵੀ ਨੂੰ ਮਿਲ ਕੇ ਆਉਂਦਾ ਹਾਂ।

ਲਕਸ਼ਮੀ ਨੂੰ ਭੰਡਾਰਗ੍ਰਹਿ ਵਿੱਚ ਬੈਠਾ ਕੇ ਨਗਰ ਸੇਠ ਦਰਿਦਰਾ ਦੇ ਕੋਲ ਗਿਆ। ਬੜੇ ਨਿਮਰਤਾ ਭਾਵ ਨਾਲ ਬੋਲਿਆ- ਰੂਪ ਦੀ ਦੇਵੀ, ਆਪ ਦੀ ਸੁੰਦਰਤਾ ਦਾ ਮੈਂ ਬਿਆਨ ਨਹੀਂ ਕਰ ਸਕਦਾ। ਆਪ ਜ਼ਰਾ ਮੁੜ ਕੇ ਚਲੋ ਤਾਂ ਸਹੀ।





ਐਨਾ ਸੁਣਦੇ ਹੀ ਉਹ ਖਿਝ ਕੇ ਜਾਣ ਲੱਗੀ। ਮੈਂ ਉਹਨਾਂ ਦੀਆਂ ਬੜੀਆਂ ਮਿੰਨਤਾਂ ਕੀਤੀਆਂ ਕਿ ਚਲ ਕੇ ਆਪਣੀ ਭੈਣ ਨਾਲ ਮਿਲ ਲਉ। ਅੱਜ ਰਾਤ ਮੇਰੇ ਇਥੇ ਮਹਿਮਾਨ ਬਣ ਕੇ ਰਹੋ, ਲੇਕਿਨ ਉਸ ਨੇ ਮੇਰੀ ਇਕ ਨਹੀਂ ਸੁਣੀ।

ਉਸ ਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। – ਲਕਸ਼ਮੀ ਆਪਣੀ ਸ੍ਰੇਸ਼ਠਤਾ ਦੀ ਖੁਸ਼ੀ ਵਿੱਚ ਝੂੰਮਦੀ ਹੋਈ ਬੋਲੀ।

ਖੈਰ ਉਸ ਦੀ ਗੱਲ ਜਾਣ ਦਿਉ।–

ਨਗਰ ਸੇਠ ਨੇ ਹੱਥ ਜੋੜ ਕੇ ਪ੍ਰਾਰਥਨਾ ਕੀਤੀ – ਦੇਵੀ, ਆਪ ਤਾਂ ਮੇਰੇ ਇਥੇ ਹੀ ਰੁਕੋ।

ਚੰਗੀ ਗੱਲ ਹੈ, ਮੈਨੂੰ ਜਿਥੇ ਇਜਤ-ਮਾਣ ਮਿਲਦਾ ਹੈ ਮੈਂ ਉਥੇ ਰੁਕਦੀ ਹਾਂ। – ਲਕਸ਼ਮੀ ਨੇ ਜਵਾਬ ਦਿੱਤਾ।

ਕਹਿੰਦੇ ਹਨ, ਤਦ ਤੋਂ ਲਕਸ਼ਮੀ ਸਨਮਾਨ ਸਹਿਤ ਹਵੇਲੀਆਂ ਦੇ ਭੰਡਾਰਗ੍ਰਹਿ ਵਿੱਚ ਰਹਿੰਦੀ ਆ ਰਹੀ ਹੈ। ਰਹੀ ਦਰਿਦਰਾ ਦੀ ਗੱਲ, ਉਹ ਤਾਂ ਬ੍ਰਹਮੰਡ ਸੁੰਦਰੀ ਦੇ ਭਰਮ ਵਿੱਚ ਗਵਾਚੀ ਲਕਸ਼ਮੀ ਦੇ ਪਰਛਾਵੇਂ ਤੋਂ ਵੀ ਦੂਰ ਭੱਜਦੀ ਹੈ।

ਦਰਿਦਰਾ ਮੁੜ ਕੇ ਹਵੇਲੀ ਦੀ ਉਲਟੀ ਦਿਸ਼ਾ ਵਿੱਚ ਚੱਲਣ ਲੱਗੀ। ਨਗਰ ਸੇਠ ਦਰਿਦਰਾ ਦੇ ਰੂਪ ਅਤੇ ਚਾਲ ਦੀ ਪ੍ਰਸੰਸਾ ਕਰਦਾ ਰਿਹਾ। ਦਰਿਦਰਾ ਖੁਸ਼ੀ ਨਾਲ ਫੁੱਲੀ ਨਹੀਂ ਸਮਾ ਰਹੀ ਸੀ। ਉਹ ਚਲਦੇ-ਚਲਦੇ ਕਾਫੀ ਦੂਰ ਨਿਕਲ ਗਈ ਤਾਂ ਉਸਨੇ ਫੈਸਲਾ ਸੁਣਾਇਆ – ਦੇਵੀ, ਆਪ ਮੇਰੀ ਹਵੇਲੀ ਤੋਂ ਦੂਰ ਜਾਂਦੀ ਐਨੀ ਸੁੰਦਰ ਲਗ ਰਹੀ ਹੋ ਕਿ ਹਜ਼ਾਰ ਲਕਸ਼ਮੀਆਂ ਵੀ ਆਪ ਦੇ ਮੁਕਾਬਲੇ ਵਿੱਚ ਨਹੀਂ ਠਹਿਰ ਸਕਦੀਆਂ। ਮੈਂ ਤਾਂ ਕਹਿੰਦਾ ਹਾਂ ਕਿ ਆਪ ਵਰਗੀ ਬ੍ਰਹਮੰਡ ਸੁੰਦਰੀ ਦਾ ਲਕਸ਼ਮੀ ਦੇ ਨਾਲ ਟਹਿਲਣਾ ਸ਼ੋਭਾ ਨਹੀਂ ਦਏਗਾ।

ਦਰਿਦਰਾ ਨੂੰ ਉਸਦੀ ਗੱਲ ਜੱਚ ਗਈ। ਉਹ ਇਕੱਲੇ ਹੀ ਅਗੇ ਵਧ ਗਈ। ਵਾਪਸ ਆ ਕੇ ਨਗਰ ਸੇਠ ਭੰਡਾਰ ਗ੍ਰਹਿ ਦੇ ਅੰਦਰ ਗਿਆ। ਜਿਥੇ ਉਸਨੇ ਬੜੀ ਚਲਾਕੀ ਨਾਲ ਲਕਸ਼ਮੀ ਨੂੰ ਪੱਟੀ-ਪੜਾਈ- ਦੇਵੀ, ਮੈਂ ਦਰਿਦਰਾ ਦੇ ਨਾਲ ਥੋੜੀ ਦੂਰ ਤੁਰਿਆ ਤਾਂ ਅਸਲੀਅਤ ਸਾਹਮਣੇ ਆ ਗਈ। ਮੈਂ ਉਥੇ ਹੀ ਫੈਸਲਾ ਸੁਣਾ ਦਿਤਾ ਕਿ ਆਪ ਲਕਸ਼ਮੀ ਦੇ ਮੁਕਾਬਲੇ ਰੂਪ-ਰੰਗ, ਚਾਲ-ਢਾਲ ਅਤੇ ਗੱਲਬਾਤ ਵਿੱਚ ਕਿਤੇ ਨਹੀਂ ਠਹਿਰਦੀ।



# ਦਾਦਾ ਜੀ

ਚਿਤੱਰਕਾਰ ਅਤੇ ਲੇਖਕ
ਅਜੈ ਕਾਲੜਾ











ਜਦ ਉਹ ਕਾਸ਼ੀ ਵਿੱਚ ਘੁੰਮ ਰਹੇ ਸਨ ਤਾਂ ਉਹਨਾਂ ਨੇ ਵੇਖਿਆ ਕਿ ਕੁਝ ਬਾਂਦਰ ਇਧਰ-ਉਧਰ ਚੱਕਰ ਲਗਾ ਰਹੇ ਹਨ। ਵਿਵੇਕਾਨੰਦ ਜੀ ਜਿਉਂ ਹੀ ਅਗੇ ਵਧੇ ਉਹ ਬਾਂਦਰ ਪਿੱਛੇ ਪੈ ਗਏ।
ਉਹਨੀਂ ਦਿਨੀਂ ਵਿਵੇਕਾਨੰਦ ਜੀ ਲੰਮਾ ਅੰਗਰੱਖਾ ਪਾਇਆ ਕਰਦੇ ਸਨ ਅਤੇ ਸਿਰ ਤੇ ਸਾਫਾ ਬੰਨ੍ਹਦੇ ਸਨ। ਉਹਨਾਂ ਨੂੰ ਪੜ੍ਹਾਈ ਦਾ ਬਹੁਤ ਸ਼ੌਕ ਸੀ ਇਸ ਲਈ ਉਹ ਝੋਲੇ (ਥੈਲੇ) ਵਿੱਚ ਪੁਸਤਕਾਂ ਰੱਖਦੇ ਸਨ।
ਬਾਂਦਰਾਂ ਨੂੰ ਲਗਿਆ ਕਿ ਉਹਨਾਂ ਦੇ ਥੈਲੇ ਵਿੱਚ ਖਾਣ ਦੀਆਂ ਚੀਜ਼ਾਂ ਹਨ। ਉਹ ਸਵਾਮੀ ਜੀ ਦਾ ਪਿੱਛਾ ਕਰਨ ਲਗੇ। ਆਪਣੇ ਪਿੱਛੇ ਬਾਂਦਰਾਂ ਨੂੰ ਆਉਂਦੇ ਵੇਖ ਸਵਾਮੀ ਜੀ ਡਰ ਗਏ ਅਤੇ ਤੇਜ਼ ਚੱਲਣ ਲਗੇ।



ਬਾਂਦਰ ਵੀ ਤੇਜ਼ੀ ਨਾਲ ਉਹਨਾਂ ਦਾ ਪਿੱਛਾ ਕਰਨ ਲਗੇ। ਹੁਣ ਸਵਾਮੀ ਜੀ ਨੇ ਦੌੜਨਾ ਸ਼ੁਰੂ ਕਰ ਦਿੱਤਾ। ਬਾਂਦਰ ਵੀ ਦੌੜਨ ਲਗੇ।
ਸਵਾਮੀ ਜੀ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕਿ ਕਰਨ ਤਾਂ ਕੀ ਕਰਨ? ਬਾਂਦਰ ਤਾਂ ਪਿੱਛਾ ਛੱਡਣ ਲਈ ਤਿਆਰ ਹੀ ਨਹੀਂ ਸਨ। ਲੋਕ ਤਮਾਸ਼ਾ ਵੇਖ ਰਹੇ ਸਨ, ਪਰ ਕੋਈ ਵੀ ਉਹਨਾਂ ਦੀ ਸਹਾਇਤਾ ਨਹੀਂ ਕਰ ਰਿਹਾ ਸੀ।
ਤਦੇ ਉਹਨਾਂ ਨੂੰ ਇਕ ਅਵਾਜ਼ ਸੁਣਾਈ ਦਿੱਤੀ- 'ਰੁਕੋ, ਸਾਹਮਣਾ ਕਰੋ... ਭੱਜੋ ਨਹੀ, ਸਾਹਮਣਾ ਕਰੋ।' ਜਿਉਂ ਹੀ ਇਹ ਸ਼ਬਦ ਸਵਾਮੀ ਵਿਵੇਕਾਨੰਦ ਜੀ ਦੇ ਕੰਨਾਂ ਵਿੱਚ ਪਹੁੰਚੇ, ਉਹ ਉਥੇ ਰੁਕ ਗਏ ਅਤੇ ਬਿਨਾ ਡਰੇ ਖੜੇ ਹੋ ਗਏ। ਸਹਿਮ ਕੇ ਬਾਂਦਰ ਵੀ ਉਥੇ ਰੁਕ ਗਏ ਅਤੇ ਕੁਝ ਦੇਰ ਬਾਦ ਵਾਪਸ ਚਲੇ ਗਏ।


ਸਵਾਮੀ ਜੀ ਨੂੰ ਬੋਧ ਹੋਇਆ ਕਿ ਜਦ ਅਸੀ ਮੁਸੀਬਤ ਤੋਂ ਡਰ ਕੇ ਭੱਜਦੇ ਹਾਂ ਤਾਂ ਉਹ ਹੋਰ ਤੇਜ਼ੀ ਨਾਲ ਸਾਡਾ ਪਿੱਛਾ ਕਰਦੀ ਹੈ। ਜੇਕਰ ਅਸੀਂ ਹਿੰਮਤ ਨਾਲ ਉਸ ਦਾ ਸਾਹਮਣਾ ਕਰੀਏ ਤਾਂ ਉਹ ਮੂੰਹ ਲੁਕਾ ਕੇ ਭੱਜ ਜਾਂਦੀ ਹੈ।
ਉਸ ਦਿਨ ਤੋਂ ਸਵਾਮੀ ਵਿਵੇਕਾਨੰਦ ਜੀ ਦੇ ਜੀਵਨ ਵਿੱਚ ਨਵਾਂ ਮੋੜ ਆ ਗਿਆ। ਉਹਨਾਂ ਨੇ ਸਮਾਜ ਵਿੱਚ ਜਿਥੇ ਕਿਤੇ ਵੀ ਬੁਰਾਈ ਵੇਖੀ, ਹੌਸਲੇ ਨਾਲ ਉਸ ਦਾ ਮੁਕਾਬਲਾ ਕਰਕੇ ਉਸ ਨੂੰ ਦੂਰ ਕੀਤਾ।
ਇਹ ਕਹਾਣੀ ਸਾਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜੀਵਨ ਵਿੱਚ ਮੁਸੀਬਤਾਂ ਤੋਂ ਡਰ ਕੇ ਭੱਜਣ ਦੀ ਬਜਾਏ ਆਪਣੀ ਪੂਰੀ ਸ਼ਕਤੀ ਨਾਲ ਉਹਨਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ। ਸਾਹਮਣਾ ਕਰਨ ਨਾਲ ਜੀਵਨ ਦੀਆਂ ਕਠਿਨਾਈਆਂ, ਮੁਸੀਬਤਾਂ ਦੂਰ ਹੋ ਜਾਂਦੀਆਂ ਹਨ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ!









Video & Audio Webcasts on www.nirankari.org - Every month

SANT NIRANKARI MISSION

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment

# ਨਿਰੰਕਾਰੀ ਪੱਤਰ-ਪਤ੍ਰਕਾਵਾਂ 'ਨਿਰੰਕਾਰੀ ਵੈਬਸਾਇਟ' ਤੇ




ਨਿਰੰਕਾਰੀ ਵੈਬਸਾਇਟ ਤੇ ਸਾਰੀਆਂ ਭਾਸ਼ਾਵਾਂ ਦੀ 'ਹੰਸਤੀ ਦੁਨੀਆ' 'ਸੰਤ ਨਿਰੰਕਾਰੀ' ਅਤੇ 'ਏਕ ਨਜ਼ਰ' ਨੂੰ ਪੜਨ ਦੇ ਲਈ ਇਨ੍ਹਾਂ ਨਿਰਦੇਸ਼ਾਂ ਦਾ ਪਾਲਨ ਕਰੋ –

www. nirankari.org ਨੂੰ Open ਕਰੋਗੇ ਤਾਂ Main ਪੇਜ ਤੇ ਆਪਨੂੰ THE MISSION, ACTIVITES, MEDIA and GALLERY ਦਿਖਾਈ ਦੇਵੇਗੀ। ਆਪਨੂੰ MEDIA ਦੇ PUBLICATION Option ਨੂੰ ਕਲਿਕ ਕਰਨਾ ਹੈ। ਇਥੇ ਆਪਨੂੰ ਸੰਪੂਰਨ ਅਵਤਾਰ ਬਾਣੀ, ਸੰਪੂਰਣ ਹਰਦੇਵ ਬਾਣੀ, E-Books, Articles ਅਤੇ Magazines ਦਿਖਾਈ ਦਏਗਾ। Magazines ਨੂੰ ਕਲਿਕ ਕਰਦੇ ਹੀ- ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ ਅਤੇ Universal Target ਦੇ ਪੇਜ ਖੁਲ੍ਹ ਜਾਣਗੇ। ਇਥੇ ਆਪ ਜੋ ਵੀ ਪਤ੍ਰਕਾ ਪੜਨਾ ਚਾਹੁੰਦੇ ਹੋ, ਪੜ ਸਕਦੇ ਹੋ।

## ਪਾਠਕਾਂ ਦੇ ਲਈ ਸੂਚਨਾ



- ਕੀ ਆਪਨੂੰ ਹੰਸਤੀ ਦੁਨੀਆ (ਪੰਜਾਬੀ) ਮਾਸਿਕ, ਪਤ੍ਰਕਾ ਲਗਾਤਾਰ ਮਿਲ ਰਹੀ ਹੈ?
- ਪਤ੍ਰਕਾ ਵਿਭਾਗ ਰਾਹੀਂ ਹਰ ਮਹੀਨੇ 23 ਤਾਰੀਕ ਨੂੰ *Dispatch* (ਡਿਸਪੈਚ) ਕਰ ਦਿੱਤੀ ਜਾਂਦੀ ਹੈ। ਜੇ ਇਕ ਹਫ਼ਤੇ ਤਕ ਵੀ ਆਪਨੂੰ ਇਹ ਨਾ ਮਿਲੇ ਤਾਂ –

1. ਅਪਣੇ ਨਜ਼ਦੀਕੀ ਡਾਕਖਾਨੇ ਨਾਲ ਸੰਪਰਕ ਕਰੋ।
2. ਪਤ੍ਰਕਾ ਵਿਭਾਗ ਨੂੰ ਫੋਨ ਨੰਬਰ 9266629841 ਤੇ ਸੂਚਿਤ ਕਰੋ, ਆਪ ਇਸ ਨੰ. ਤੇ whatsaap ਵੀ ਕਰ ਸਕਦੇ ਹੋ ਤਾਂਕਿ ਆਪਨੂੰ ਉਸਦੀ ਦੂਜੀ ਕਾਪੀ ਭਿਜਵਾਈ ਜਾ ਸਕੇ।

*– ਪ੍ਰਬੰਧ ਸੰਪਾਦਕ,*
*ਪਤ੍ਰਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,*
*ਨਿਰੰਕਾਰੀ ਕੰਪੈਲਕਸ, ਬੁਰਾੜੀ ਰੋਡ, ਦਿੱਲੀ-110009*